ਸਤੰਬਰ ੧੯੯੬

# ਵਰਿਆਮ



"ਸ. ਨਾਨਕ ਸਿੰਘ ਜਨਮ ਸ਼ਤਾਬਦੀ ਨੂੰ ਸਮਰਪਿਤ ਅੰਕ"

Sri Satguru Jagjit Singh Ji eLibrary NamdhariElibrary@gmail.com

https://archive.org/details/namdhari


ਆਪਣੇ ਪਰਿਵਾਰ ਅਤੇ ਮਿੱਤਰਾਂ ਸੰਗ
ਚਿੰਤਾ ਮੁਕਤ, ਪ੍ਰਸੰਨ-ਚਿੱਤ ਦਿਨ ਮਾਨਣ ਵਾਸਤੇ

## ਸੁਖਾਵੇਂ ਪਲ ਤੁਹਾਨੂੰ ਉਡੀਕ ਰਹੇ ਹਨ !

| | |
|---|---|
| ✡ ਸਾਗਰ ਛੱਲਾਂ ਸੰਗ ਖੇਡਣ | ✡ ਆਸਮਾਨ ਤੋਂ ਝੀਲ ਵਿਚ ਤਿਲਕਣ |
| ✡ ਨਦੀ, ਵਿਚ ਤੈਰਨ | ✡ ਸਰੋਵਰ ਵਿਚ ਸਾਈਕਲ ਬੋਟ ਚਲਾਉਣ |
| ✡ ਆਕਾਸ਼ ਵਿਚ ਹੁਲਾਰੇ ਲੈਣ | ✡ ਬੱਚਾ ਰੇਲ ਗੱਡੀ ਦਾ ਹੂਟਾ ਲੈਣ |
| ✡ ਗੀਤ ਸੰਗੀਤ ਮਾਨਣ | ✡ ਅਨੰਦ ਲੈਣ ਵਾਸਤੇ ਪਧਾਰੋ |

ਟਿਕਟ ਇਕ-ਖੇਲ ਅਨੇਕ
ਦੇਸ਼ ਭਰ ਵਿਚ ਆਪਣੇ ਵਰਗਾ ਆਪ







## ਫਨ 'ਐੱਨ' ਫੂਡ ਵਿਲੇਜ
(ਪੋਲੋ ਅਮਿਊਜ਼ਮੈਂਟ ਪਾਰਕ ਲਿਮਿਟਡ)

ਪਿੰਡ ਕਾਪਾ ਸੇਹੜਾ, ਪੁਰਾਣੀ ਦਿੱਲੀ ਗੁੜਗਾਓਂ ਰੋਡ, ਨਵੀਂ ਦਿੱਲੀ-110037
ਧੌਲਾ ਕੂਆਂ ਤੋਂ 11 ਕਿਲੋਮੀਟਰ-ਸੈਂਟੂਰ ਹੋਟਲ ਤੋਂ 3 ਕਿਲੋਮੀਟਰ)
ਫੋਨ : 5563587, 5564500-501-502-503 ਫੈਕਸ : 5563867

https://archive.org/details/namdhari

*With best compliments from :*

**Oster**

**PARTNER**

**CARDIGANS • PULLOVERS**

*Ante-date Knitters*

A quality product of

**UDEY Knitwears**

Manufacturers & Exporters

Street No.3, Jammu Colony, Nr. Preet Palace,Opp Atam Park, LUDHIANA-141 003

Phones:405338, 36349, Fax:26070 ATTN.,24349



Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS
(SINGLF & DOUBLE BARRELS) 12-BORE GUNS
ALSO SALE & PURCHASES OF
INDIAN & IMPORTED (12-Bore Guns, Revolvers/Pistols N. P. Bore) Guns
Also Repairers of all Types of Guns



## Once Purchased Ever Purchased

Best Quality of The Day is Our Motto
Contact Us With Full Confidence :

Hello : 533810

# Free India Gun Manufacturers

Prop.: S. KARTAR SINGH (JAMMU-WALE)
6 Industrial Estate, Ashok Nagar,
Jammu Cantt.-3

Sister Concern :

M/s KARTAR SINGH
ARMS & AMMUNITION DEALERS



Sri Satguru Jagjit Singh Ji eLibrary NamdhariElibrary@gmail.com

Gram 'SNIPER' Hallo : 531367

*Reputed Manufacturers Of :*

**Superior Quality**

**SINGLE BARREL**

**&**

**DOUBLE BARREL**

**B. L. – 12 BORE**

# «GUNS»

# MODERN GUN WORKS

**Opp. Industrial Estate,**

**JAMMU CANTT.**



Sri Satguru Jagjit Singh Ji eLibrary NamdhariElibrary@gmail.com

https://archive.org/details/namdhari


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ ਨਵੇਂ ਨਵੇਂ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ : ਨਾਮਧਾਰੀ ਸੇਲਜ਼ ੧੦੨੪੦/੫੪, ਲਾਇਬਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Namdhari Sales**

Manufacturers of :

**FURSHI DURRIES & CARPETS**

in Bright & Fast Colours

10240/54, Library Road, Azad Market, DELHI—110006
Phone : 7514784



Phone : Off. 671044, 671045
Resi. 670013

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

**Namdhari Engineering Works**

Mfrs. & General Suppliers of :
Truck Bus Body Parts, Nut, Bolts & All Kinds of Hardware Goods.
E-190, Focal Point, LUDHIANA—141010



**PUNJAB INDUSTRIES**

Specialist in : All Kinds of Truck Body Materials, Malaysia Sal Wood, Teak Wood, Deodar, Partal, Champ, Hullak etc.

E-190/A, Focal Point, Ludhiana--141001



Phone : 664075

**Partap Trading Company**

Dealers in : Truck & Bus Body Parts, Aulminium Sheets, Angle, Channels, Glass, Sunmica, Plywood & Hardwares.

G T. Road, Opp. Transport Nagar, Ludhiana




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਸਤੰਬਰ ੧੯੯੬ ਜਿਲਦ-੨੧ ਅੰਕ—੧੧

## ਤਤਕਰਾ


ਤਬ ਛੂਟੈ ਜਬ ਸਾਧੂ ਪਾਇਆ —ਪੰਡਿਤ ਗੋਪਾਲ ਸਿੰਘ ੭

ਸੁਖ ਦਾ ਭੇਦ (ਕਹਾਣੀ)
—ਜਸਵੰਤ ਸਿੰਘ ਵਿਰਦੀ ੯

ਗ਼ਜ਼ਲ—ਆਰਿਫ਼ ਗੋਬਿੰਦਪੁਰੀ ੧੧

ਸਿਮ੍ਰਤੀ ਬੀਬੀ ਮਹਿੰਦਰ ਕੌਰ ਚਾਵਲਾ
—ਜਗਦੀਸ਼ ਸਿੰਘ ੧੨

ਸੰਤ ਇੰਦਰ ਸਿੰਘ ਚਕ੍ਰਵਰਤੀ—ਪ੍ਰੀਤਮ ਸਿੰਘ ਪੰਛੀ ੧੩

ਸਿਆਮ ਅਰਥਾਤ ਕੁਬੇਰ ਰਾਜ ਦੀ ਯਾਤਰਾ
—ਅਮਰ ਭਾਰਤੀ ੧੪

ਜੀਵਨ ਵੇਰਵਾ ਸ. ਨਾਨਕ ਸਿੰਘ
—ਕੰਵਲਜੀਤ ਸਿੰਘ ਸੂਰੀ ੧੭

ਸੁਨਹਿਰੀ ਜਿਲਦ (ਕਹਾਣੀ)—ਨਾਨਕ ਸਿੰਘ ੧੯

ਭੂਆ (ਕਹਾਣੀ)—ਨਾਨਕ ਸਿੰਘ ੨੨

ਸ. ਨਾਨਕ ਸਿੰਘ ਨਾਲ ਕੁਝ ਯਾਦਾਂ
—ਜਸਵੰਤ ਸਿੰਘ ਘਰਿੰਡਾ ੨੬

ਮੇਰਾ ਵਿਆਹ—ਜਗਦੀਸ਼ ਸਿੰਘ ੨੯

ਖ਼ਬਰਨਾਮਾ ੩੪


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੇ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੬੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

☐ ਵਰਿਆਮ ਵਾਸਤੇ ਭੇਜੇ ਜਾਣ ਵਾਲੇ ਚੈਕ-ਡਰਾਫਟ-ਮਨੀਆਰਡਰ ਉਤੇ Monthly Wariam ਹੀ ਲਿਖਿਆ ਜਾਵੇ।

## ਪਾਠਕਾਂ ਨੂੰ ਬੇਨਤੀ

ਆਪਣੇ ਪਿਛਲੇ ਚੰਦੇ ਭਿਜਵਾਓ ਅਤੇ ਆਪਣੇ ਘੇਰੇ ਵਿਚ ਆਉਣ ਵਾਲੇ ਹੋਰ ਸੱਜਣਾਂ ਨੂੰ ਵਰਿਆਮ ਦੇ ਗਾਹਕ ਬਨਣ ਵਾਸਤੇ ਪ੍ਰੇਰੋ।

—ਮੈਨੇਜਰ


ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-144001

ਫੋਨ—ਦਫਤਰ : ੨੨੨੫੪੩
ਘਰ : ੫੬੨੮੯

Ph. : 222543 (O)
56289 (R)




Sri Satguru Jagjit Singh Ji eLibrary NamdhariElibrary@gmail.com

# ਸ. ਨਾਨਕ ਸਿੰਘ ਜਨਮ ਸ਼ਤਾਬਦੀ

ਸ. ਨਾਨਕ ਸਿੰਘ ਜੀ ਦੀ ਪੰਜਾਬੀ ਸਾਹਿਤ ਨੂੰ ਬਹੁਤ ਭਾਰੀ ਦੇਣ ਹੈ। ਉਹਨਾਂ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਉਹਨਾਂ ਭਾਵੇਂ ਅਖੌਤੀ ਉਚੀ ਵਿਦਿਆ ਕਿਸੇ ਕਾਲਜ ਜਾਂ ਯੂਨੀਵਰਸਿਟੀ ਤੋਂ ਪ੍ਰਾਪਤ ਨਹੀਂ ਕੀਤੀ, ਪਰ ਅਜ ਕਾਲਜਾਂ ਅਤੇ ਯੂਨੀਵਰਸਿਟੀਆਂ ਵਾਲੇ ਉਹਨਾਂ ਦੀਆਂ ਰਚਨਾਵਾਂ ਤੇ ਅਧਾਰਤ ਡਿਗਰੀਆਂ ਲੈਂਦੇ ਦੇਂਦੇ ਹਨ। ਉਹਨਾਂ ਦਾ ਸਾਹਿਤ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਅਨੁਵਾਦਤ ਹੋਇਆ, ਉਸ ਤੇ ਫ਼ਿਲਮਾਂ ਅਤੇ ਟੈਲੀ ਸੀਰੀਅਲ ਵੀ ਬਣੇ। ਜਿੰਨੀ ਸ਼ਿੱਦਤ ਨਾਲ ਸ. ਨਾਨਕ ਸਿੰਘ ਸਾਧਾਰਨ ਪਾਠਕ ਦੇ ਮਨ ਵਿਚ ਉਤਰਦੇ ਸਨ ਉਨਾ ਮਾਣ ਹੋਰ ਕਿਸੇ ਨੂੰ ਸ਼ਾਇਦ ਨਾ ਪ੍ਰਾਪਤ ਹੋਇਆ ਹੋਵੇ। ਪੰਜਾਬੀ ਸਾਹਿਤ ਨੂੰ ਘਰ-ਘਰ, ਗਲੀ-ਮੁਹੱਲੇ, ਦੁਕਾਨਾਂ ਅਤੇ ਨੁਕਰਾਂ ਤਕ ਪਹੁੰਚਾਣ ਵਿਚ ਸ. ਨਾਨਕ ਸਿੰਘ ਦਾ ਉੱਘਾ ਰੋਲ ਹੈ। ਉਹਨਾਂ ਦੀ ਸਸ਼ਕਤ ਕਲਮ ਅੱਗੇ ਸਿਰ ਝੁਕਦਾ ਹੈ।

ਪੰਜਾਬੀ ਜ਼ਬਾਨ, ਪੰਜਾਬੀ ਮੁਹਾਵਰੇ ਤੇ ਉਹਨਾਂ ਦੀ ਪਕੜ ਕਮਾਲ ਦੀ ਸੀ। ਇਹੀ ਕਾਰਨ ਸੀ ਕਿ ਉਹਨਾਂ ਦੀ ਰਚਨਾ ਆਲੋਚਕਾਂ ਦੀ ਰਾਇ ਤੋਂ ਆਜ਼ਾਦ ਤੇ ਬੇਨਿਆਜ਼ ਪਾਠਕ ਨੂੰ ਖਾਣਾ ਪੀਣਾ ਤੇ ਸੌਣਾ ਭੁਲਾ ਦਿੰਦੀ। ਹਰ ਸਾਲ ਨਵਾਂ ਨਾਵਲ ਅਤੇ ਪਾਠਕਾਂ ਨੂੰ ਫੇਰ ਵੀ ਉਡੀਕ ਲੱਗੀ ਰਹਿੰਦੀ।

ਸਾਡੇ ਵਾਸਤੇ ਇਹ ਮਾਣ ਦੀ ਗੱਲ ਹੈ ਕਿ ਸ. ਨਾਨਕ ਸਿੰਘ ਜੀ ਦੀ ਜਨਮ ਸ਼ਤਾਬਦੀ ਦਾ ਸਾਲ ਅਸੀਂ ਆਪਣੀ ਹਯਾਤੀ ਵਿਚ ਮਨਾ ਰਹੇ ਹਾਂ। ਲੇਖਕਾਂ ਦੀ ਦੇਣ ਨਹੀਂ ਦਿਤੀ ਜਾ ਸਕਦੀ। ਉਹ ਬਹੁਤ ਦੂਰੋਂ ਵਡਮੁਲੇ ਹੀਰੇ ਖੁਰਚ ਖੁਰਚ ਕੇ ਲਿਆ ਕੇ ਪ੍ਰਸਤੁਤ ਕਰਦੇ ਹਨ। ਲਿਖਤਾਂ ਨੇ ਕੌਮਾਂ ਦੇ ਜੀਵਨ ਬਦਲੇ ਹਨ ਅਤੇ ਪਹਿਲੀ ਪੀੜ੍ਹੀ ਤੇ ਨਾਨਕ ਸਿੰਘ ਦਾ ਪ੍ਰਭਾਵ ਪ੍ਰਤੱਖ ਸੀ। ਅਸੀਂ ਉਹਨਾਂ ਨੂੰ ਸਿਮਰ ਸਕਦੇ ਹਾਂ। ਉਹਨਾਂ ਦੀ ਸ਼ਤਾਬਦੀ ਮਨਾਉਣਾ ਇਕ ਬਹਾਨਾ ਹੀ ਹੈ।

ਪੰਜਾਬੀ ਲੇਖਕ ਸਭਾ ਜਲੰਧਰ ਨੇ ਆਪਣਾ ਫ਼ਰਜ਼ ਨਿਭਾਉਂਦਿਆਂ ਸ਼ਤਾਬਦੀ ਸਮਾਰੋਹਾਂ ਦਾ ਸ਼੍ਰੀ ਗਣੇਸ਼ ੨੨ ਸਤੰਬਰ ੧੯੯੬ ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਦੇ ਮਸ਼ਹੂਰ ਹਾਲ ਵਿਚ ਕਰ ਦਿਤਾ ਹੈ। ਇਹ ਇਕ ਮੇਲੇ ਦਾ ਹੀ ਰੂਪ ਧਾਰ ਗਿਆ ਸੀ। ਸਾਰਾ ਸਾਲ ਵਖ ਵਖ ਸਭਾਵਾਂ, ਸੰਸਥਾਵਾਂ, ਅਕੈਡਮੀਆਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਵਲੋਂ ਸਮਾਗਮ ਹੁੰਦੇ ਹੀ ਰਹਿਣੇ ਹਨ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਨ੍ਹਾਂ ਸਮਾਗਮਾਂ ਵਿਚੋਂ ਕੁਝ ਠੋਸ ਪ੍ਰਾਪਤੀ ਵੀ ਹੋ ਸਕੇਗੀ, ਇਹ ਸਿਆਣਿਆਂ ਦੀ ਮਿਲਵੀਂ ਸੋਚ ਦਾ ਸਿੱਟਾ ਹੋ ਸਕਦੀ ਹੈ।

ਸ. ਨਾਨਕ ਸਿੰਘ ਹੋਰਾਂ ਦਾ ਸਾਹਿਤ ਇਕ ਸਾਗਰ ਵਾਂਗ ਹੈ। ਉਸ 'ਚੋਂ ਇਕ ਬੂੰਦ ਦੀ ਨਿਆਈਂ ਅਸੀਂ ਵਰਿਆਮ ਦੇ ਕਾਲਮਾਂ ਵਿਚ ਜ਼ਿਕਰਯੋਗ ਇਕ ਦੋ ਕਹਾਣੀਆਂ ਇਸ ਅੰਕ ਵਿਚ ਪ੍ਰਕਾਸ਼ਤ ਕਰਕੇ ਇਸ ਮਹਾਨ ਸਾਹਿਤਕਾਰ ਦੀ ਯਾਦ ਵਿਚ ਨਤ-ਮਸਤਕ ਹੁੰਦੇ ਹਾਂ।

# ਸ੍ਰੀ ਭੈਣੀ ਸਾਹਿਬ ਵਿਚ ਜਪ ਪ੍ਰਯੋਗ

ਸ੍ਰੀ ਭੈਣੀ ਸਾਹਿਬ ਵਿਚ ਸਾਲਾਨਾ ਜਪ ਪ੍ਰਯੋਗ ਦਾ ਮਹੀਨਾ ਭਰ ਚੱਲਣ ਵਾਲਾ 'ਜਪ ਪ੍ਰਯੋਗ ਸਮਾਗਮ' ਅੱਸੂ ਦੀ ਸੰਗਰਾਂਦ ੧੬ ਸਤੰਬਰ ਤੜਕੇ ਅੱਧੀ ਰਾਤ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਹੈ ਅਤੇ ਇਸ ਦੀ ਸਮਾਪਤੀ ੧੬ ਅਕਤੂਬਰ ਨੂੰ ਹੋਵੇਗੀ। ਟਿਕ ਕੇ ਇਕ ਮਹੀਨਾ ਸਾਂਝੇ ਰੂਪ ਵਿਚ ਰੋਜ਼ਾਨਾ ਅੱਠ ਘੰਟੇ ਨਾਮ ਸਿਮਰਨ ਕਰਨਾ, ਸਾਦਗੀ ਸੰਜਮ ਵਿਚ ਰਹਿਣਾ, ਗੁਰਬਾਣੀ ਦਾ ਕੀਰਤਨ ਸੁਣਨਾ—ਮਹੀਨਾ ਭਰ ਚੱਲਣਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਲੋਕਾਈ ਨੂੰ ਰਾਹਨੁਮਾਈ ਦੇ ਕੇ ਲੋਕ ਪ੍ਰਲੋਕ ਸੁਧਾਰਨ, ਦੁਖ ਰੋਗ ਸੰਤਾਪ ਉਤਾਰਨ, ਸੁਖ ਸ਼ਾਂਤੀ ਸੋਭਾ ਪ੍ਰਾਪਤ ਕਰਨ ਦੇ ਅਵਸਰ ਪ੍ਰਦਾਨ ਕੀਤੇ ਹਨ।

ਪਹਿਲੇ ਦਿਨ ਦੀ ਭਰਪੂਰ ਹਾਜ਼ਰੀ ਸ੍ਰੀ ਭੈਣੀ ਸਾਹਿਬ ਵਿਚ ਵਿਸਥਾਰਤ ਕੀਤੇ ਗਏ ਨਵੀਨ ਢੰਗ ਨਾਲ ਸਜਾਏ ਹਰੀ ਮੰਦਰ ਵਿਚ ਸਮਾ ਨਹੀਂ ਸੀ ਰਹੀ। ਇਹ ਸਾਰਾ ਕੁਝ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਕਰਸ਼ਨ ਸ਼ਕਤੀ ਦਾ ਹੀ ਕਮਾਲ ਹੈ। ਬਗੈਰ ਪ੍ਰਾਪੇਗੰਡਾ ਪ੍ਰਚਾਰ ਅਤੇ ਇਸ਼ਤਿਹਾਰ-ਬਾਜ਼ੀ ਦੇ ਉਹ ਆਪਣਾ ਕਾਰਜ ਕਰੀ ਜਾ ਰਹੇ ਹਨ। ਉਹਨਾਂ ਦੀ ਕੀਰਤੀ ਨੂੰ ਨਾ ਕਲਮਾਂ ਬਿਆਨ ਕਰਦੀਆਂ ਹਨ ਅਤੇ ਨਾ ਕਰ ਸਕਦੀਆਂ ਹਨ। ਉਹਨਾਂ ਆਪਣੀ ਹਯਾਤੀ ਵਿਚ ਏਨੇ ਕੰਮ ਅਤੇ ਪਰਉਪਕਾਰ ਕੀਤੇ ਹਨ ਕਿ ਇਸ ਦੀ ਤੁਲਨਾ ਹੋ ਹੀ ਨਹੀਂ ਸਕਦੀ। ਉਹ ਲੋਗ ਵਡਭਾਗੇ ਹਨ, ਧੰਨਤਾ ਦੇ ਯੋਗ ਹਨ ਜਿਹੜੇ ਇਸ ਅਧਿਆਤਮ ਕੁੰਭ ਵਿਚ ਹਿੱਸਾ ਲੈ ਸਕੇ ਹਨ। ਸ੍ਰੀ ਭੈਣੀ ਸਾਹਿਬ ਤੋਂ ਇਲਾਵਾ ਥਾਂ ਥਾਂ ਤੇ ਵੀ ਇਹ ਮਹੀਨਾ ਵਿਸ਼ੇਸ਼ ਅਧਿਆਤਮਕ ਗਤੀਵਿਧੀਆਂ ਦਾ ਸਿਲਸਲਾ ਚਲ ਰਿਹਾ ਹੈ। ਇਹ ਹੀ ਅਧਿਆਤਮਕ ਸ਼ਕਤੀ ਨਾਮਧਾਰੀ ਸਮਾਜ ਦੀ ਵਿਸ਼ੇਸ਼ ਪ੍ਰਾਪਤੀ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਤਬ ਛੂਟੈ ਜਬ ਸਾਧੂ ਪਾਇਆ

—ਪੰਡਿਤ ਗੋਪਾਲ ਸਿੰਘ
ਗਿਆਨ ਮਾਰਤੰਡ

ਗੁਰੂਆਂ, ਪੀਰਾਂ, ਬੁਧੀਜੀਵੀਆਂ, ਮਹਾਂਪੁਰਖਾਂ ਦਾ ਇਹ ਵਿਚਾਰ ਹੈ ਤੇ ਹੈ ਵੀ ਸਚਾ, ਕਈ ਵਾਰ ਮਹਾਂਪੁਰਖਾਂ ਦੀ ਰਸਨਾਂ ਤੋਂ ਵੀ ਸਰਵਨ ਕੀਤਾ ਹੈ ਕਿ ਜੇਕਰ ਮਨੁਖ ਦੀਆਂ ਤਿੰਨ ਅਵਸਥਾਵਾਂ ਦੀਆਂ ਬਿਰਤੀਆਂ ਸਦਾ ਲਈ ਕਾਇਮ ਰਹਿਣ, ਤਾਂ ਉਹ ਪੁਰਖ ਗਿਆਨਵਾਨ, ਉਚੀ ਆਤਮਕ ਅਵਸਥਾ ਦਾ ਮਾਲਕ ਅਤੇ ਜੀਵਨ ਮੁਕਤ ਹੁੰਦਾ ਏ। ਉਹ ਤਿੰਨ ਅਵਸਥਾਵਾਂ ਕਿਹੜੀਆਂ ਹਨ ? ਪਹਿਲੀ ਉਹ ਸੰਤੁਸ਼ਟ ਅਵਸਥਾ ਦੀ ਬਿਰਤੀ ਹੈ ਜਦੋਂ ਕੋਈ ਮਨੁਖ ਕਈ ਪਰਕਾਰ ਦੇ ਭੋਜਨ ਛਕ ਕੇ ਤ੍ਰਿਪਤ ਹੋ ਜਾਂਦਾ ਹੈ। ਤ੍ਰਿਪਤ ਹੋਣ ਪਿਛੋਂ ਭਾਵੇਂ ਕਿਤਨਾ ਹੀ ਸਵਾਦਿਸ਼ਟ ਭੋਜਨ ਦਿਤਾ ਜਾਵੇ ਉਸ ਦੀ ਰੁਚੀ ਉਸ ਪਦਾਰਥ ਵਲ ਨਹੀਂ ਜਾਂਦੀ। ਮਹਾਂਪੁਰਖਾਂ ਦਾ ਵਾਕ ਹੈ ਕਿ "ਭੋਜਨ ਗਰਲ ਅਘਾਇ।" ਭਾਵ ਜਿਸ ਮਨੁਖ ਨੇ ਤ੍ਰਿਪਤ ਹੋ ਕੇ ਪਦਾਰਥ ਛਕ ਲਿਆ ਹੈ ਉਹ ਇਕ ਗਰਾਹੀ ਵੀ ਹੋਰ ਛਕੇਗਾ ਤਾਂ ਉਹ ਗਰਾਹੀ ਉਸ ਤੇ ਜ਼ਹਿਰ ਵਰਗਾ ਅਸਰ ਕਰੇਗੀ।

ਦੂਸਰੀ ਅਵਸਥਾ ਸਪਰਸ਼ ਕਾਲ ਦੇ ਪਿਛੋਂ ਜੋ ਹੁੰਦੀ ਹੈ। ਤੀਸਰੀ ਅਵਸਥਾ ਕਿਸੇ ਪ੍ਰਾਣੀ ਦੇ ਦੇਹਾਂਤ ਸਮੇਂ ਜੋ ਵੇਖਣ ਵਾਲੇ ਪੁਰਸ਼ ਦੀ ਵੈਰਾਗ ਮਈ ਦਸ਼ਾ ਮੰਨੀ ਗਈ ਹੈ। ਸਾਹਮਣੇ ਪਏ ਪ੍ਰਾਣ ਹੀਣ ਦੀ ਮੁਰਦਾ ਦੇਹ ਨੂੰ ਵੇਖ ਕੇ ਉਸਦੇ ਜੀਵਨ ਦੇ ਸਾਰੇ ਕਾਰਨਾਮੇ ਅੱਖਾਂ ਅਗੇ ਆ ਦਿਮਾਗ ਵਿਚ ਘੁੰਮਣ ਲਗ ਜਾਂਦੇ ਹਨ।

ਉਸ ਦੀ ਚਤੁਰਤਾ, ਧਨ, ਜੋਬਨ, ਸੁੰਦਰਤਾ, ਸਿਆਣਪ, ਦੂਰ ਅੰਦੇਸ਼ੀ, ਸੂਰਬੀਰਤਾ, ਦਾਨ ਮਈ ਬੁਧੀ ਅਤੇ ਹੋਰ ਕਈ ਗੁਣ ਜਦੋਂ ਸਾਹਮਣੇ ਆ ਜਾਂਦੇ ਹਨ ਤਾਂ ਮਨ ਦੀ ਅਵਸਥਾ ਵੈਰਾਗ ਮਈ ਹੋ ਜਾਂਦੀ ਏ ਤੇ ਮਨ ਹੀ ਮਨ ਆਵਾਜ਼ ਆਉਂਦੀ ਏ ਕਿ—

"ਕਹਤ ਕਬੀਰ ਸੁਨਹੁ ਮਨ ਮੇਰੇ ॥
ਇਹੀ ਹਵਾਲ ਹੋਹਿਗੇ ਤੇਰੇ ॥

ਏਹੋ ਜਹੀ ਦੁਬਿਧਾ ਨੂੰ ਵੇਖ ਕੇ ਹੀ ਬਾਬਾ ਫਰੀਦ ਨੇ ਕਹਿਆ ਸੀ।

ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ।
ਕਜਲ ਰੇਖ ਨ ਸਹਿਦਿਆ ਸੇ ਪੰਖੀ ਸੂਇ ਬਹਿਠੁ ॥

ਪ੍ਰੰਤੂ ਮੋਹ ਮਾਇਆ ਦਾ ਜਾਲ ਐਸਾ ਪ੍ਰਬਲ ਹੈ ਕਿ ਮਨੁਖ ਨੂੰ ਇਸ ਅਵਸਥਾ ਵਿਚ ਨਹੀਂ ਰਹਿਣ ਦੇਂਦਾ ਤੇ ਇਸ ਚੋਂ ਕਢ ਕੇ ਝਟ ਹੀ ਬਲੋ ਖਿਚ ਲੈਂਦਾ ਹੈ ਅਤੇ ਫੇਰ ਮਾਇਕੀ ਅਸਥਿਰ ਪਦਾਰਥਾਂ ਦੀ ਤਾਂਘ ਵਿਚ ਦਰ ਦਰ ਭਟਕਨਾ ਸ਼ੁਰੂ ਕਰ ਦੇਂਦਾ ਏ। ਗੁਰੂ ਵਾਕ ਹੈ—

ਇਨਿ ਮਾਇਆ ਜਗਦੀਸ ਗੁਸਾਈ ਤੁਮਰੇ
ਚਰਨ ਬਿਸਾਰੇ ॥ ਕਿੰਚਤ ਪ੍ਰੀਤ ਨ
ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ।

ਮਾਇਆ ਐਸੀ ਮੋਹਨੀ ਭਾਈ ॥
ਜੇਤੇ ਜੀਅ ਤੇਤੇ ਡਹਕਾਈ ॥

ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥
ਤਬ ਛੂਟੇ ਜਬ ਸਾਧੂ ਪਾਇਆ ॥

ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ।

ਮਾਇਆ ਮਮਤਾ ਕੀ ਰਾਮ, ਅਰਜਨ, ਨਾਰਦ ਅਤੇ ਹੋਰ ਕਈ ਵਡੇ ਬੜੇ ਰਿਸ਼ੀਆਂ ਮੁਨੀਆਂ ਤਪਸਵੀਆਂ ਨੂੰ ਅਸਲੀਅਤ ਤੋਂ ਡੇਗ ਦੇਂਦੀ ਏ 'ਤਪ ਕਰਤੇ ਤਪਸੀ ਭੁਲਾਏ।' ੪੬੧ ਅੰਗ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਏ।

ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ
ਬਿਪਰੀਤਿ ਹੇ ਅਵਧ ਅਕਾਰਥ ਜਾਤ ॥ ਗਹਬਰ ਬਨ
ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ
ਹੇ ਦਿਨਕਰੋ ਅਨਦਿਨੁ ਖਾਤ ॥

ਭਾਵ—ਹੇ ਭਾਈ ਮਾਇਆ ਭਟਕਣਾ ਵਿਚ ਪਾਉਣ ਵਾਲੀ ਕੰਧ ਹੈ, ਜਿਸ ਨੇ ਪ੍ਰਮਾਤਮਾ ਵਲੋਂ ਜੀਵਾਂ ਦੀ ਵਿੱਥ ਬਣਾ ਰੱਖੀ ਹੈ। ਮਾਇਆ ਭਟਕਣਾ ਵਿਚ ਪਾਉਣ ਵਾਲੀ ਹੈ, ਪ੍ਰਭੂ ਨਾਲੋਂ ਓਹਲਾ ਬਨਾਉਣ ਵਾਲੀ ਕੰਧ ਹੈ। ਇਸ ਮਾਇਆ ਦਾ ਨਸ਼ਾ ਤਿੱਖਾ ਹੈ, ਜੀਵਨ ਰਾਹ ਤੋਂ ਉਲਟੇ ਪਾਸੇ ਲੈ ਜਾਣ ਵਾਲੀ ਹੈ। ਮਾਇਆ ਵਿਚ ਫਸਿਆਂ ਮਨੁੱਖ ਦੀ ਉਮਰ ਵਿਅਰਥ ਚਲੀ ਜਾਂਦੀ ਹੈ। ਇਹ ਸੰਸਾਰ ਇਕ ਭਿਆਨਕ ਸੰਘਣਾ ਜੰਗਲ ਹੈ। ਮਨੁਖ ਦੇ ਹਿਰਦੇ ਘਰ ਨੂੰ ਮਨੁਖ ਦਾ ਆਪਣਾ ਹੀ ਚੋਰ ਮਨ ਲੁੱਟੀ ਜਾਂਦਾ ਹੈ। ਤੇ



Sri Satguru Jagjit Singh Ji eLibrary NamdhariElibrary@gmail.com

ਸੂਰਜ ਭਾਵ ਸਮਾਂ ਹਰ ਵੇਲੇ ਇਸ ਦੀ ਉਮਰ ਨੂੰ ਮੁਕਾਈ ਜਾਂਦਾ ਹੈ। ਗੁਜ਼ਰ ਰਹੇ ਦਿਨ ਮਨੁਖ ਦੀ ਉਮਰ ਨੂੰ ਖਾਈ ਜਾਂਦੇ ਹਨ। ਪ੍ਰਮਾਤਮਾ ਦੇ ਭਜਨ ਤੋਂ ਬਿਨਾਂ ਮਨੁਖ ਦੀ ਉਮਰ ਵਿਅਰਥ ਬੀਤਦੀ ਜਾ ਰਹੀ ਹੈ। ਇਨਸਾਨ ਇਹ ਨਹੀਂ ਵਿਚਾਰਦਾ ਕਿ ਉਮਰ ਦਮ-ਬ-ਦਮ ਘਟ ਰਹੀ ਹੈ—ਬਾਲਕ ਤੋਂ ਜਵਾਨੀ, ਜਵਾਨੀ ਤੋਂ ਬਿਰਧਪਨ ਆ ਰਿਹਾ ਹੈ। ਦਿਨ ਪਿਛੇ ਰਾਤ ਤੇ ਬਹਾਰ ਪਿਛੇ ਪਤਤੜ ਚਲੀ ਆ ਰਹੀ ਹੈ। ਮੈਂ ਇਸ ਚਾਰ ਦਿਨ ਦੇ ਰੈਣ-ਬਸੇਰੇ ਨੂੰ ਕਿਸੇ ਲਾਭਵੰਦੇ ਪਾਸੇ ਖਰਚ ਕਰ ਲਵਾਂ। ਅੱਗੇ ਪਿੱਛੇ ਮੇਰੇ ਸਮੇਂ ਨੇ ਤਾਂ ਪੂਰਾ ਹੋ ਹੀ ਜਾਣਾ ਹੈ। ਸੂਰਜ ਦਿਨ ਰਾਤ ਚਲਦਾ ਰਹਿੰਦਾ ਏ। ਉਸ ਨੇ ਆਪਣੀ ਚਾਲ ਬੰਦ ਨਹੀਂ ਕਰਨੀ। ਏਸੇ ਤਰ੍ਹਾਂ ਸਵਾਸਾਂ ਦੀ ਤੇਜ਼ ਰਫ਼ਤਾਰ ਨੇ ਆਪਣੀ ਗਿਣਤੀ ਸਮਾਪਤ ਕਰ ਹੀ ਲੈਣੀ ਹੈ।

ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ।
ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ॥

ਇਹੋ ਜਿਹੇ ਵਿਚਾਰ ਆਉਣ ਤੇ ਪ੍ਰਮਾਰਥ ਵਲ ਬਿਰਤੀ ਨੂੰ ਜੋੜਨ ਦੇ ਮਨੁਖ ਜਤਨ ਕਰਦਾ ਹੈ, ਪਰੰਤੂ ਆਸੁਰੀ ਸੰਪਦਾ ਦੇ ਜ਼ੋਰਦਾਰ ਹਮਲਿਆਂ ਅੱਗੇ ਕੁਝ ਪੇਸ਼ ਨਹੀਂ ਜਾਂਦੀ। ਅਖੀਰ ਵਿਚ ਉਹ ਮੈਦਾਨ ਵਿਚੋਂ ਭਾਜ ਹੀ ਖਾ ਜਾਂਦਾ ਹੈ। ਇਹਨਾਂ ਮਹਾਂਬਲੀਆਂ ਨੂੰ ਜਿੱਤਣਾ ਬੜਾ ਹੀ ਕਠਨਿ ਹੈ। ਕਬੀਰ ਜੀ ਫੁਰਮਾਉਂਦੇ ਹਨ—

ਕਿਉ ਲੀਜੈ ਗਢੁ ਬੰਕਾ ਭਾਈ॥
ਦੋਵਰ ਕੋਟ ਅਰੁ ਤੇਵਰ ਖਾਈ॥ ੧ ॥ ਰਹਾਉ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥
ਜਨ ਗਰੀਬ ਕੋ ਜੋਰੁ ਨ ਪਹੁੰਚੈ,
ਕਹਾ ਕਰਉ ਰਘੁਰਾਇਆ॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ
ਪਾਪੁ ਪੁੰਨੁ ਦਰਵਾਜਾ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ,
ਤਹ ਮਨੁ ਮਾਵਾਸੀ ਰਾਜਾ॥ ੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ,
ਕੁਬੁਧਿ ਕਮਾਨ ਚਢਾਈ॥
ਤਿਸਨਾ ਤੀਰ ਰਹੇ ਘਟ ਭੀਤਰਿ,
ਇਉ ਗਢੁ ਲੀਓ ਨ ਜਾਈ॥ ੩॥

ਇਹਨਾਂ ਤੀਖਣ ਬਾਣਾਂ ਦੀ ਝੜੀ ਤੋਂ ਬਚਣ ਵਾਸਤੇ ਇਕ ਹੀ ਕਿਲਾ ਹੈ, ਇਕ ਹੀ ਸੂਰਮਾ ਏਹਨਾਂ ਤੋਂ ਪਨਾਹ ਦੇ ਕੇ ਬਚਾ ਸਕਦਾ ਹੈ...ਉਹ ਕੌਣ ਹੈ? ਉੱਤਰ—ਉਹ ਪੂਰਾ ਸਤਿਗੁਰੂ ਹੈ। ਇਸੇ ਲਈ ਭਗਤ ਕਹਿੰਦੇ ਹਨ:

ਹਰਿ ਕੇ ਲੋਗਾ ਮੋਕਉ ਨੀਤਿ ਡਸੈ ਪਟਵਾਰੀ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ
ਤਿਨਿ ਹਉ ਲੀਆ ਉਬਾਰੀ॥

ਜਿਸ ਦੀ ਮਦਦ ਸਤਿਗੁਰੂ ਕਰਦੇ ਹਨ ਉਹੀ ਇਸ ਜੀਵਨ ਸੰਗਰਾਮ ਵਿਚ ਕੁਝ ਮਾਣ ਪ੍ਰਾਪਤ ਕਰ ਸਕਦਾ ਏ। ਸਤਿਗੁਰ ਦੀ ਕਿਰਪਾ ਨਾਲ ਹੀ ਚਾਰ ਦਿਹਾੜੇ ਦੇ ਜੀਵਨ ਦਾ ਕੋਈ ਸਵਾਦ ਮਾਣ ਸਕਦਾ ਹੈ। ਘਾਲ ਥਾਏਂ ਪੈ ਜਾਂਦੀ ਹੈ। ਇਸ ਲਈ ਮੈਂ ਸੰਸਾਰ ਦੇ ਜਗਿਆਸੂਆਂ ਨੂੰ ਬੜੇ ਬਾਅਦਬ ਬਚਨਾਂ ਨਾਲ ਪ੍ਰਾਰਥਨਾ ਕਰਦਾ ਹਾਂ ਜੇ ਕਿਸੇ ਨੇ ਅਜੇ ਤਕ ਪੂਰੇ ਸਤਿਗੁਰ ਦੀ ਸਰਣ ਨਹੀਂ ਗ੍ਰਹਿਨ ਕੀਤੀ ਤੇ ਬੇਸਵਾਦੇ ਜੀਵਨ ਤੇ ਬੈਠੇ ਰਹੇ ਹਨ ਤਾਂ ਹੁਣ ਵੀ ਵੇਲਾ ਹੈ ਕਿ ਰਹਿੰਦੀ ਉਮਰ ਨੂੰ ਦੁਰਲਭ ਸਮਝ ਕੇ ਉਸ ਦਾ ਫਿਕਰ ਕਰੋ ਤੇ ਸਤਿਗੁਰਾਂ ਦੀ ਸਰਣ ਗ੍ਰਹਿਨ ਕਰੋ। ਕਿਉਂਕਿ ਉਹਨਾਂ ਕਾਮਾਦਿਕ ਵਡੇ ਬਲੀਆਂ ਤੋਂ ਬਿਨਾਂ ਪੂਰੇ ਸਤਿਗੁਰ ਦੇ ਕਿਸੇ ਛੁਟਕਾਰਾ ਨਹੀਂ ਦੁਆਉਣਾ। ਕਬੀਰ ਜੀ ਹੀ ਉਹਨਾਂ ਬਲੀਆਂ ਤੋਂ ਅਗਲੇ ਸ਼ਬਦ ਦੇ ਹਿਸੇ ਵਿਚ ਫੁਰਮਾਉਂਦੇ।

ਪ੍ਰੇਮ ਪਲੀਤਾ, ਸੁਰਤਿ ਹਵਾਈ, ਗੋਲਾ ਗਿਆਨੁ ਚਲਾਇਆ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥ ੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥
ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥੫॥
ਭਗਵਤ ਭੀਰ, ਸਕਤਿ ਸਿਮਰਨ ਕੀ, ਕਟੀ ਕਾਲ ਭੈ ਫਾਸੀ॥
ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਨਾਸੀ।

ਇਸ ਮਾਇਆ ਤੋਂ ਛੁਟਕਾਰਾ ਕਰਾ ਕੇ ਪਰਮ ਪਦ ਦੀ ਪ੍ਰਾਪਤੀ ਕਰਾਨ ਵਾਲਾ ਇਕੋ ਇਕ ਪੂਰਾ ਸਤਿਗੁਰੂ ਹੈ—ਭਗਤ ਕਬੀਰ ਜੀ ਪੰਨਾ ੧੧੬੦ ਤੇ ਲਿਖਦੇ ਹਨ ਕਿ—

ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ।
ਤਬ ਛੂਟੈ ਜਬ ਸਾਧੂ ਪਾਇਆ।


Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਸੁੱਖ ਦਾ ਭੇਦ

—ਜਸਵੰਤ ਸਿੰਘ ਵਿਰਦੀ

ਅਚਾਨਕ ਹੀ ਆਕਾਸ਼ ਵਿਚ ਉਡਦੀ ਹੋਈ ਇਕ ਇੱਲ ਅਵਧੂਤ ਦੱਤਾ-ਤ੍ਰੇ ਦੇ ਪੈਰਾਂ ਕੋਲ ਆ ਡਿਗੀ। ਉਹ ਜ਼ਖਮੀ ਹੋ ਚੁਕੀ ਅਤੇ ਤੜਫ ਰਹੀ ਸੀ।

'ਤੂੰ ਠੀਕ ਕੀਤਾ।' ਦੱਤਾ-ਤ੍ਰੇ ਨੇ ਉਸ ਇੱਲ ਨੂੰ ਹਮਦਰਦੀ ਨਾਲ ਕਿਹਾ, '......ਪਰ ਇਹ ਬੜੀ ਵੱਡੀ ਕੁਰਬਾਨੀ ਸੀ।'

ਇੱਲ ਨੇ ਪਲ-ਛਿਣ ਲਈ ਦੱਤਾ-ਤ੍ਰੇ ਵਲ ਤੱਕਿਆ, ਪਰ ਕੁਝ ਨਹੀਂ ਕਿਹਾ। ਉਹਦੇ ਕੋਲੋਂ ਬੋਲ ਸਕਣਾ ਔਖਾ ਹੋ ਰਿਹਾ ਸੀ।

'ਕੁਝ ਵੀ ਕਹਿਣ ਦੀ ਲੋੜ ਨਹੀਂ'। ਦੱਤਾ-ਤ੍ਰੇ ਨੇ ਫੇਰ ਕਿਹਾ, 'ਤੂੰ ਸੱਚਮੁੱਚ ਠੀਕ ਕੀਤੈ।'

ਇਹ ਗੱਲ ਕਹਿ ਕੇ ਦੱਤਾ-ਤ੍ਰੇ ਨੇ ਇੱਲ ਨੂੰ ਪ੍ਰਸੰਸਾ ਨਾਲ ਵੇਖਿਆ। ਉਹ ਸੋਚ ਰਿਹਾ ਸੀ, 'ਇਹਦੇ ਕੋਲੋਂ ਵੀ ਸਿਖਿਆ ਲੈਣੀ ਚਾਹੀਦੀ ਐ।'

ਇਸ ਮਗਰੋਂ ਦੱਤਾ-ਤ੍ਰੇ ਨੇ ਉਸ ਇੱਲ ਨੂੰ ਚੁੱਕਿਆ ਅਤੇ ਉਹਦੇ ਜ਼ਖਮਾਂ ਨੂੰ ਸਾਫ ਕਰਨ ਲਗ ਪਿਆ। ਉਸ ਵੇਲੇ ਇੱਲ ਨੇ ਅੱਖਾਂ ਮੀਟ ਲਈਆਂ ਸਨ। ਉਹਦੀ ਬੇਚੈਨੀ ਦੂਰ ਹੋ ਰਹੀ ਸੀ। ਉਹ ਸੁਰੱਖਿਅਤ ਹੱਥਾਂ ਵਿਚ ਸੀ।

ਦਿਨ ਨਿਖਰਿਆ ਹੋਇਆ ਸੀ ਅਤੇ ਦੱਤਾ-ਤ੍ਰੇ ਭਗਵਾਨ ਦੀ ਸਾਜੀ ਹੋਈ ਕੁਦਰਤ ਵਲ ਵੇਖਦਾ ਹੋਇਆ ਟੁਰਿਆ ਜਾ ਰਿਹਾ ਸੀ, ਜਦੋਂ ਕਿ ਇੱਲ ਵਾਲਾ ਹਾਦਸਾ ਪੇਸ਼ ਆਇਆ। ਉਹਨੂੰ ਇਸ ਹਾਦਸੇ ਨਾਲ ਹੈਰਾਨੀ ਨਹੀਂ ਹੋਈ। ਕਿਉਂਕਿ ਰੱਬੀ ਭੇਤ ਜਾਨਣ ਵਾਲਾ ਉਹ ਦੈਵੀ-ਰੂਪ ਪੁਰਖ ਜਾਣਦਾ ਸੀ ਕਿ ਕੁਦਰਤ ਦੇ ਇਸ ਕਾਰੋਬਾਰ ਵਿਚ ਕਿਸੇ ਵੇਲੇ ਕੁਝ ਵੀ ਹੋ ਸਕਦਾ ਹੈ, ਅਤੇ ਫੇਰ ਘਬਰਾਹਟ ਵਾਲੀ ਕਿਹੜੀ ਗੱਲ ਹੈ।'

ਦੱਤਾ-ਤ੍ਰੇ ਉਸ ਇੱਲ ਕੋਲੋਂ ਬਹੁਤ ਕੁਝ ਪੁਛਣ ਦੀ ਤਮੰਨਾ ਰਖਦਾ ਸੀ, ਪਰ ਪਹਿਲਾਂ ਉਹ ਉਸ ਨੂੰ ਸਹਿਜ ਰੂਪ ਵਿਚ ਵੇਖਣਾ ਚਾਹੁੰਦਾ ਸੀ। ਕੇਵਲ ਸਹਿਜ ਰੂਪ ਵਿਚ ਹੀ ਕੋਈ ਬੰਦਾ ਸਹੀ ਗੱਲ ਕਰ ਸਕਦਾ ਸੀ।

ਕੁਝ ਚਿਰ ਪਹਿਲਾਂ ਹੀ ਦੱਤਾ-ਤ੍ਰੇ ਜੰਗਲ ਦੇ ਇਸ ਰਾਹ ਵਿਚੀਂ ਟੁਰਿਆ ਸੀ। ਉਹ ਜੰਗਲ ਦੇ ਪਰਲੇ ਪਾਰ ਵਾਲੇ ਪਿੰਡ ਵਿਚ ਮਧੂਕਰੀ ਮੰਗਣ ਵਾਸਤੇ ਜਾ ਰਿਹਾ ਸੀ। ਉਹਦਾ ਨਿੱਤ-ਕਰਮ ਇਹੋ ਹੀ ਸੀ! ਉਹਦੀ ਭਗਵਾਨ ਨਾਲ ਲਿਵ ਲੱਗੀ ਹੋਈ ਸੀ, ਪਰ ਉਹ ਇਹ ਵੀ ਵੇਖਦਾ ਰਹਿੰਦਾ ਸੀ ਕਿ ਕੁਦਰਤ ਦੇ ਸਾਜੇ ਹੋਏ ਪ੍ਰਾਣੀ ਕਿਵੇਂ ਵਰਤਾਰਾ ਕਰਦੇ ਹਨ। ਲੋਕਾਂ ਦੇ ਵਰਤਾਰੇ ਨਾਲ ਹਾਲਾਤ ਬਣਦੇ ਨੇ।

ਉਹ ਨਿੱਤ ਹੀ ਕੁਦਰਤ ਦੇ ਜੀਵਾਂ ਦੀ ਵਿਲੱਖਣ ਸੋਚ-ਸਮਝ ਦੇ ਚਮਤਕਾਰ ਵੇਖਦਾ ਅਤੇ ਹੱਸ ਪੈਂਦਾ ਸੀ। ਕਈ ਵਾਰ ਕਿਸੇ ਜੀਵ ਦੇ ਵਰਤਾਰੇ ਨੂੰ ਵੇਖਕੇ ਉਹਦੇ ਅੰਦਰੋਂ ਸੁਤੇ-ਸਿਧ ਹੀ ਨਿਕਲ ਜਾਂਦਾ—'ਵਾਹ, ਇਹ ਗੱਲ ਮੈਂ ਤੇਰੇ ਕੋਲੋਂ ਸਿਖ ਲਈ ਐ, ਤੇ ਤੂੰ ਮੇਰਾ ਗੁਰੂ ਹੋਇਆ।'

ਕੁਝ ਚਿਰ ਪਹਿਲਾਂ ਹੀ ਜਦੋਂ ਦੱਤਾ-ਤ੍ਰੇ ਜੰਗਲ ਦੇ ਇਸ ਰਾਹੇ ਪਿਆ ਸੀ, ਤਦ ਉਹਨੇ ਆਕਾਸ਼ ਵਿਚ ਉਡਦੇ ਕੁਝ ਪੰਛੀਆਂ ਦਾ ਹੋ-ਹੱਲਾ ਸੁਣਿਆ ਸੀ, ਜਿਵੇਂ ਆਕਾਸ਼ ਵਿਚ ਜਾਨਵਰਾਂ ਦੀ ਬੜੀ ਜ਼ਬਰਦਸਤ ਲੜਾਈ ਹੋ ਰਹੀ ਹੋਵੇ।

ਦੱਤਾ-ਤ੍ਰੇ ਨੇ ਉਤਸੁਕਤਾ ਨਾਲ ਆਕਾਸ਼ ਵਲ ਵੇਖਿਆ ਤਾਂ ਉਹਨੂੰ ਪਤਾ ਲੱਗਾ ਸੀ ਕਿ ਇਕ ਇੱਲ ਅੱਗੇ ਅੱਗੇ ਉੱਡੀ ਜਾ ਰਹੀ ਸੀ ਤੇ ਹੋਰ ਬਹੁਤ ਸਾਰੀਆਂ ਇੱਲਾਂ ਚੀਕਦੀਆਂ ਹੋਈਆਂ ਉਹਦੇ ਪਿੱਛੇ ਲੱਗੀਆਂ ਹੋਈਆਂ ਸਨ।

'ਇਹਨਾਂ ਇੱਲਾਂ ਨੂੰ ਅੱਜ ਕੀ ਭਾਜੜ ਪੈ ਗਈ ਐ?' ਦੱਤਾ-ਤ੍ਰੇ ਨੇ ਸੋਚਿਆ। ਉਸ ਵੇਲੇ ਉਹਦੇ ਮਨ 'ਚ ਉਤਸੁਕਤਾ ਭਰ ਗਈ ਸੀ—'ਦੇਖਣਾ ਚਾਹੀਦੈ ਇਹ ਜਾਨਵਰ ਕਿਉਂ ਦੌੜੀ ਜਾ ਰਹੇ ਨੇ।'

ਇਹ ਗੱਲ ਸੋਚ ਕੇ ਕਾਹਲੀ ਨਾਲ ਅੱਗੇ ਵਧ ਰਿਹਾ ਦੱਤਾ-ਤ੍ਰੇ ਖਲੋ ਗਿਆ ਤੇ ਆਕਾਸ਼ ਵਲ ਨੀਝ ਲਾ ਕੇ ਵੇਖਣ ਲਗ ਪਿਆ ਸੀ।

ਇੱਲਾਂ ਦਾ ਸੁਭਾਅ ਹੈ ਕਿ ਉਹ ਆਕਾਸ਼ ਵਿਚ ਲੰਮੀ ਉਡਾਰੀ ਨਾਲ ਬਹੁਤ ਦੂਰ ਨਹੀਂ ਉਡਦੀਆਂ। ਉਹ ਇਕੋ ਥਾਵੇਂ ਚੱਕਰ ਲਗਾਉਂਦੀਆਂ ਰਹਿੰਦੀਆਂ ਹਨ। ਕਦੀ ਏਧਰੋਂ ਉਧਰ ਤੇ ਕਦੀ ਉਧਰੋਂ ਏਧਰ ਨੂੰ। ਕਿਸੇ ਆਉਣ ਵਾਲੇ ਤੂਫਾਨ ਜਾਂ ਵਰਖਾ ਦੀ ਸੂਚਨਾ ਵੀ ਉਹ ਇਸੇ ਤਰ੍ਹਾਂ ਹੀ ਦਿੰਦੀਆਂ ਹਨ ਜਿਵੇਂ ਉਹਨਾਂ ਨੂੰ ਬਹੁਤੀ ਚਿੰਤਾ ਲੱਗੀ ਹੋਈ ਹੋਵੇ। ਸ਼ਾਇਦ ਉਹ ਆਪਣੇ ਨੁਕਸਾਨ ਤੋਂ ਡਰਦੀਆਂ ਹੋਣ।

ਦੱਤਾ-ਤ੍ਰੇ ਨੇ ਵੇਖਿਆ ਸੀ ਕਿ ਆਕਾਸ਼ ਵਿਚ ਇਕ



Sri Satguru Jagjit Singh Ji eLibrary NamdhariElibrary@gmail.com

ਇੱਲ ਸਭ ਤੋਂ ਅੱਗੇ ਨੱਸੀ ਜਾ ਰਹੀ ਸੀ ਤੇ ਬਾਕੀ ਦੀਆਂ ਇੱਲਾਂ ਉਹਦਾ ਪਿੱਛਾ ਕਰ ਰਹੀਆਂ ਸਨ। ਉਹ ਇੱਲਾਂ ਆਕਾਸ਼ ਭਰ ਵਿਚ ਚੀਕ-ਚਿਹਾੜਾ ਵੀ ਪਾਈ ਜਾ ਰਹੀਆਂ ਸਨ ਜਿਵੇਂ ਉਹ ਅੱਗੇ ਅੱਗੇ ਨੱਸੀ ਜਾ ਰਹੀ ਇੱਲ ਕੋਲੋਂ ਕੁਝ ਮੰਗ ਰਹੀਆਂ ਹੋਣ। ਕਦੀ ਇੱਲਾਂ ਰੋਹ 'ਚ ਆ ਕੇ ਅੱਗੇ ਨੱਸੀ ਜਾ ਰਹੀ ਇੱਲ ਦੇ ਸਰੀਰ ਵਿਚ ਆਪਣੀਆਂ ਚੁੰਝਾਂ ਵੀ ਮਾਰ ਰਹੀਆਂ ਸਨ ਜਿਵੇਂ ਕਹਿ ਰਹੀਆਂ ਹੋਣ—"ਤੂੰ ਸਾਡੀ ਗੱਲ ਨਹੀਂ ਮੰਨੇਗੀ ਤਾਂ ਅਸੀਂ ਤੈਨੂੰ ਮਾਰ ਸੁਟਾਂਗੀਆਂ। ਤੈਨੂੰ ਹਰ ਹਾਲਤ 'ਚ ਮਾਰ ਸੁਟਾਂਗੀਆਂ...ਤੇ ਤੂੰ ਆਪਣੇ ਆਪ ਨੂੰ ਸਮਝਦੀ ਕੀ ਏਂ ?

ਦੱਤਾ-ਤ੍ਰੇ ਨੇ ਇੱਲਾਂ ਦੀ ਲੜਾਈ ਵੇਖਕੇ ਮਹਿਸੂਸ ਕੀਤਾ ਕਿ ਅੱਗੇ ਨੱਸੀ ਜਾ ਰਹੀ ਇੱਲ ਦੀ ਚੁੰਝ ਵਿਚ ਮਾਸ ਦਾ ਇਕ ਟੁਕੜਾ ਸੀ। ਉਸ ਟੁਕੜੇ ਨੂੰ ਉਹ ਕਿਸੇ ਹੱਡਾਰੋੜੀ ਤੋਂ ਮਰੇ ਹੋਏ ਜਾਨਵਰ ਨਾਲੋਂ ਤੋੜਕੇ ਲਿਆਈ ਹੋਵੇਗੀ।

ਜਿਸ ਵੇਲੇ ਉਹ ਇੱਲ ਮਾਸ ਦਾ ਟੁਕੜਾ ਲੈ ਕੇ ਉੱਡੀ ਸੀ ਉਸ ਵੇਲੇ ਹੀ ਕਈ ਇੱਲਾਂ ਉਹਦੇ ਪਿੱਛੇ ਲਗ ਗਈਆਂ ਸਨ। ਉਹ ਇੱਲਾਂ ਉਹਨੂੰ ਕਹਿ ਰਹੀਆਂ ਸਨ—'ਤੂੰ ਕੱਲੀ ਹੀ ਕਿਵੇਂ ਖਾ ਜਾਵੇਂਗੀ ? ਦੱਸ ਸਾਨੂੰ, ਤੂੰ ਕੱਲੀ ਹੀ ਕਿਵੇਂ ਖਾ ਲਵੇਂਗੀ ?'

ਜਵਾਬ ਵਿਚ ਉਹ ਇੱਲ ਕਹਿੰਦੀ ਜਾਪਦੀ ਸੀ— 'ਦੂਰ ਰਹੋ, ਦੂਰ ਰਹੋ। ਮੇਰੇ ਨੇੜੇ ਨਾ ਆਵੋ।'

ਉਹਨਾਂ ਇੱਲਾਂ ਦੀ ਲੜਾਈ ਵੇਖਕੇ ਦੱਤਾ-ਤ੍ਰੇ ਨੂੰ ਖਿਆਲ ਆਇਆ ਸੀ—'ਇਹ ਜਾਨਵਰ ਬੜੇ ਮੂਰਖ ਨੇ ! ਇਹ ਕਦੀ ਇਸ ਗੱਲ ਨੂੰ ਨਹੀਂ ਸੋਚਦੇ ਕਿ ਹਰ ਕਿਸੇ ਨੂੰ ਆਪਣਾ ਆਪਣਾ ਅੰਨ ਖਾਣਾ ਚਾਹੀਦੈ ਤੇ ਕਿਸੇ ਕੋਲੋਂ ਖੋਹਕੇ ਨਹੀਂ ਖਾਣਾ ਚਾਹੀਦਾ। ਪਰ ਇਹਨਾਂ ਮੂਰਖਾਂ ਨੂੰ ਇਹ ਗੱਲ ਕੌਣ ਸਮਝਾਵੇ। ਇਹ ਇਸੇ ਤਰ੍ਹਾਂ ਹੀ ਹਿੰਸਕ ਵਰਤਾਰਾ ਕਰਨਗੇ। ਇਹਨਾਂ ਨੂੰ ਕਦੀ ਵੀ ਚੰਗੇਰੇ ਵਰਤਾਰੇ ਦੀ ਸੋਝੀ ਨਹੀਂ ਹੋ ਸਕਦੀ।

ਦੱਤਾ-ਤ੍ਰੇ ਉਹਨਾਂ ਜਾਨਵਰਾਂ ਨੂੰ ਕੁਝ ਨਹੀਂ ਸੀ ਕਹਿ ਸਕਦਾ। ਉਹ ਕੇਵਲ ਦੇਖਦਾ ਹੀ ਰਹਿ ਸਕਦਾ ਸੀ। ਇਸ ਲਈ ਉਹ ਵੇਖਦਾ ਹੀ ਰਿਹਾ। ਉਸ ਨੂੰ ਪ੍ਰਤੀਤ ਹੋ ਰਿਹਾ ਸੀ ਜਿਵੇਂ ਉਹਨਾਂ ਜਾਨਵਰਾਂ ਦੇ ਨਾਲ ਉਹਦੇ ਸਾਹਮਣੇ ਕੁਦਰਤ ਦਾ ਕੋਈ ਰਹੱਸ ਖੁਲ੍ਹ ਜਾਵੇਗਾ।

ਜਿਸ ਇੱਲ ਦੇ ਮੂੰਹ ਵਿਚ ਮਾਸ ਦਾ ਟੁਕੜਾ ਸੀ ਉਹ ਇੱਲ ਬਾਕੀਆਂ ਨਾਲੋਂ ਤਕੜੀ ਲਗਦੀ ਸੀ, ਤਦੇ ਹੀ ਉਹ ਅੱਗੇ ਅੱਗੇ ਨੱਸੀ ਜਾ ਰਹੀ ਸੀ। ਪਰ ਉਸ ਇੱਲ ਦਾ ਪਿੱਛਾ ਕਰਨ ਵਾਲੀਆਂ ਇੱਲਾਂ ਬਹੁਤ ਸਾਰੀਆਂ ਸਨ। ਇਸ ਲਈ ਉਹ ਕਦੀ ਵਾਰੀ ਵਾਰੀ ਨਾਲ ਕਦੀ ਇਕੋ ਵਾਰ ਹੀ ਉਸ ਇੱਲ ਤੇ ਵਾਰ ਕਰਦੀਆਂ ਸਨ। ਇਸ ਤਰ੍ਹਾਂ ਵਾਰ ਕਰਨ ਲਗੀਆਂ ਉਹ ਚੀਖਦੀਆਂ ਵੀ ਸਨ। ਜਿਸ ਇੱਲ ਦੇ ਮੂੰਹ ਵਿਚ ਮਾਸ ਦਾ ਟੁਕੜਾ ਸੀ ਉਹ ਵੀ ਚੀਖਦੀ ਸੀ। ਸ਼ਾਇਦ ਉਹ ਕਹਿ ਰਹੀ ਹੋਵੇ—'ਮੈਂ ਇਹਨੂੰ ਆਪਣੀ ਹਿੰਮਤ ਨਾਲ ਪ੍ਰਾਪਤ ਕੀਤੈ, ਤੇ ਤੁਹਾਡਾ ਇਹਦੇ ਤੇ ਕੀ ਹੱਕ ਐ ?'

ਦੱਤਾ-ਤ੍ਰੇ ਨੇ ਵੇਖਿਆ ਤੇ ਉਹ ਮੁਸਕਰਾ ਪਿਆ ਸੀ। ਕਿਉਂਕਿ ਅਚਾਨਕ ਹੀ ਮਾਸ ਦਾ ਟੁਕੜਾ ਫੜੀ ਜਾ ਰਹੀ ਇੱਲ ਨੇ ਆਪਣੇ ਮੂੰਹ ਵਿਚੋਂ ਮਾਸ ਦਾ ਟੁਕੜਾ ਸੁਟ ਦਿਤਾ ਤੇ ਆਪ ਉਹ ਧਰਤੀ ਵਲ ਉਤਰਨ ਲਗ ਪਈ। ਉਹਦੀ ਚਾਲ ਬਹੁਤ ਸਹਿਜ ਸੀ। ਇਹ ਉਹੋ ਹੀ ਇੱਲ ਸੀ ਜਿਹੜੀ ਜ਼ਖਮੀ ਰੂਪ 'ਚ ਉਹਦੇ ਪੈਰਾਂ ਨੇੜੇ ਆ ਡਿਗੀ ਸੀ।

ਦੱਤਾ-ਤ੍ਰੇ ਨੇ ਆਪਣੇ ਨੇੜੇ ਪਈ ਹੋਈ ਜ਼ਖਮੀ ਇੱਲ ਵਲ ਫੇਰ ਵੇਖਿਆ। ਉਹ ਬੁਰੀ ਤਰ੍ਹਾਂ ਘਾਇਲ ਸੀ ਅਤੇ ਔਖੇ ਸਾਹ ਲੈ ਰਹੀ ਸੀ। ਉਹ ਜਖਮੀ ਵੀ ਹੋਈ ਅਤੇ ਉਹਨੇ ਮੂੰਹ ਦਾ ਟੁਕੜਾ ਵੀ ਗੁਆਇਆ। ਦੱਤਾ-ਤ੍ਰੇ ਵੇਖ ਰਿਹਾ ਸੀ ਕਿ ਧਰਤੀ ਅਤੇ ਆਕਾਸ਼ ਵਿਚਕਾਰ ਉਡ ਰਹੀਆਂ ਬਾਕੀ ਇੱਲਾਂ ਵਿਚੋਂ ਇਕ ਤਕੜੀ ਇੱਲ ਨੇ ਮਾਸ ਦਾ ਉਹ ਟੁਕੜਾ ਬੋਚ ਲਿਆ ਤੇ ਉਸ ਨੂੰ ਲੈਕੇ ਉਹ ਆਕਾਸ਼ ਵਲ ਨੂੰ ਨੱਸ ਤੁਰੀ। ਉਹ ਬਹੁਤ ਤੇਜ਼ੀ ਨਾਲ ਉਡ ਰਹੀ ਸੀ। ਦੱਤਾ-ਤ੍ਰੇ ਨੇ ਵੇਖਿਆ ਸੀ ਕਿ ਬਾਕੀ ਦੀਆਂ ਇੱਲਾਂ ਹੁਣ ਉਸ ਇੱਲ ਪਿੱਛੇ ਨੱਸ ਗਈਆਂ ਸਨ, ਅਤੇ ਉਹਦੇ ਕੋਲੋਂ ਮਾਸ ਦਾ ਟੁਕੜਾ ਖੋਹਣ ਦਾ ਜਤਨ ਕਰ ਰਹੀਆਂ ਸਨ। ਉਹ ਹੋਰ ਵੀ ਉਚਾ ਉਡ ਰਹੀ ਸੀ। ਉਹਦੀ ਤੇਜ਼ ਚਾਲ ਕਹਿ ਰਹੀ ਸੀ—ਮੈਂ ਤੁਹਾਨੂੰ ਕੀ ਸਮਝਦੀ ਆਂ.....?'

ਖੁਲ੍ਹੇ ਆਕਾਸ਼ ਵਿਚ ਇਹਨਾਂ ਇੱਲਾਂ ਦੀ ਖੋਹ-ਖਿੰਝ ਦੀ ਹਿੰਸਕ ਖੇਡ ਹਾਲੇ ਤਕ ਵੀ ਜਾਰੀ ਸੀ, ਪਰ ਦੱਤਾ-ਤ੍ਰੇ ਕੋਲ ਪਈ ਇੱਲ ਬੁਰੀ ਤਰ੍ਹਾਂ ਘਾਇਲ ਹੋਣ ਦੇ ਬਾਵਜੂਦ ਵੀ ਪਰੇਸ਼ਾਨ ਨਹੀਂ ਸੀ। ਉਹ ਡਾਢੀ ਸੰਤੁਸ਼ਟ ਨਜ਼ਰ ਆ ਰਹੀ ਸੀ। ਉਸ ਦੀ ਇਸ ਅਵਸਥਾ ਨੇ ਵੀ ਦੱਤਾ-ਤ੍ਰੇ ਨੂੰ ਹੈਰਾਨ ਕਰ ਦਿਤਾ। ਉਹਨੂੰ ਇਹ ਭੁੱਲ ਹੀ ਗਿਆ ਕਿ ਉਹ ਮਧੂਕਰੀ ਮੰਗਣ ਵਾਸਤੇ ਜੰਗਲ ਦੇ ਪਰਲੇ ਪਾਸੇ ਵਸੇ ਹੋਏ ਪਿੰਡ



Sri Satguru Jagjit Singh Ji eLibrary NamdhariElibrary@gmail.com

ਵਲ ਜਾ ਰਿਹਾ ਸੀ ।

ਦੱਤਾ-ਤ੍ਰੇ ਨੇ ਉਸ ਇੱਲ ਦੇ ਜ਼ਖਮਾਂ ਨੂੰ ਸਾਫ ਕੀਤਾ । ਉਹ ਨੂੰ ਪਾਣੀ ਪਿਆਇਆ ਅਤੇ ਲਾਡ ਨਾਲ ਉਸ ਨੂੰ ਪਲੋਸਿਆ ਸੀ ।

ਉਸ ਇੱਲ ਨੇ ਪਲ-ਛਿਣ ਲਈ ਅੱਖਾਂ ਖੋਲ੍ਹ ਕੇ ਦੱਤਾ-ਤ੍ਰੇ ਨੂੰ ਪੁਛਿਆ—'ਅਵਧੂਤ ਜੀ, ਤੁਸੀਂ ਮੇਰੇ ਤੇ ਏਨੇ ਮਿਹਰਬਾਨ ਕਿਉਂ ਹੋ ?'

ਅਵਧੂਤ ਦੱਤਾ-ਤ੍ਰੇ ਨੇ ਕਿਹਾ—'ਅੱਜ ਤੋਂ ਤੈਨੂੰ ਮੈਂ ਆਪਣਾ ਗੁਰੂ ਸਮਝਦਾ ਹਾਂ ।'

'ਕਿਉਂ ?' ਇੱਲ ਨੇ ਪੁਛਿਆ ਤਾਂ ਦੱਤਾ-ਤ੍ਰੇ ਨੇ ਕਿਹਾ—'ਤੂੰ ਬਹੁਤ ਵੱਡੀ ਕੁਰਬਾਨੀ ਕੀਤੀ ਐ !'

ਇੱਲ ਨੇ ਗੰਭੀਰਤਾ ਨਾਲ ਜਵਾਬ 'ਚ ਕਿਹਾ—'ਹਾਂ, ਮੈਨੂੰ ਯਕੀਨ ਹੋ ਗਿਐ ਕਿ ਜਿਸ ਚੀਜ਼ ਦੀ ਲਾਲਸਾ ਬਹੁਤੇ ਲੋਕ ਕਰ ਰਹੇ ਹੋਣ, ਉਹਨੂੰ ਤਿਆਗ ਦੇਣ ਵਿਚ ਹੀ ਸੁੱਖ ਐ ।'

'ਪਰ......' ਦੱਤਾ ਤ੍ਰੇ ਕੁਝ ਕਹਿੰਦਾ ਰੁਕ ਗਿਆ ਤਾਂ ਇੱਲ ਨੇ ਫੇਰ ਕਿਹਾ—'...ਪਰ ਇਹ ਸੋਝੀ ਮੈਨੂੰ ਉਦੋਂ ਹੋਈ ਜਦੋਂ ਮੈਂ ਪੂਰੀ ਤਰ੍ਹਾਂ ਤਬਾਹ ਹੋ ਚੁਕੀ ਸਾਂ...।'

ਅਤੇ ਅਗਲੇ ਪਲ ਹੀ ਉਸ ਘਾਇਲ ਇੱਲ ਦੀ ਗਰਦਨ ਧਰਤੀ ਤੇ ਲੁੜਕ ਗਈ !

[ ਛਪ ਰਹੀ ਪੁਸਤਕ 'ਧਰਤੀ ਦਾ ਮੋਹ' ਵਿਚੋਂ ]






# ਗ਼ਜ਼ਲ

—ਆਰਿਫ ਗੋਬਿੰਦਪੁਰੀ

ਨਹੁੰ ਨਹੁੰ ਖੋਟਿਆਂ ਲੀਡਰਾਂ ਮਾਰ ਦਿਤਾ ।
ਸਾਨੂੰ ਸਾਡਿਆਂ ਆਗੂਆਂ ਮਾਰ ਦਿਤਾ ।

ਪਰਜਾ ਲੁੱਟ ਖਾਧੀ ਪਰਜਾ-ਪਾਲਕਾਂ ਨੇ,
ਚੋਰਾਂ, ਠਗਾਂ ਤੇ ਡਾਕੂਆਂ ਮਾਰ ਦਿਤਾ ।

ਕਰਦੀ ਨਹੀਂ ਸਰਕਾਰ ਇਕਰਾਰ ਪੂਰਾ,
ਸਾਨੂੰ ਇਹਦਿਆਂ ਲਾਰਿਆਂ ਮਾਰ ਦਿਤਾ ।

ਫੁੱਲ ਮਹਿਕਦੇ ਟਹਿਕਦੇ ਤੋੜ ਸੁੱਟੇ,
ਹਿੰਦ, ਬਾਗ-ਦੇ-ਮਾਲੀਆਂ ਮਾਰ ਦਿਤਾ ।

ਏਹਨਾਂ ਮੁਲਕ ਦੇ ਅਮਨ ਨੂੰ ਅੱਗ ਲਾਈ,
ਭਾਈਆ, ਪੰਡਤਾਂ ਕਾਜ਼ੀਆਂ ਮਾਰ ਦਿਤਾ ।

ਹੱਕਦਾਰਾਂ ਨੂੰ ਨਹੀਂ ਇਨਸਾਫ਼ ਮਿਲਦਾ,
ਏਥੇ ਅਦਲ ਨੂੰ ਆਦਿਲਾਂ ਮਾਰ ਦਿਤਾ ।

ਢੋਲਕ ਕੁੱਟਦੇ ਤੇ ਮੌਜਾਂ ਲੁੱਟਦੇ ਨੇ,
ਏਸ ਮੁਲਕ ਨੂੰ ਵਿਹਲੜਾਂ ਮਾਰ ਦਿਤਾ ।

ਮੰਗ ਮੰਗ ਕੇ ਲੈਣ ਸਨਮਾਨ ਏਥੇ,
ਜਾਹਲੀ ਲੇਖਕਾਂ ਚਮਚਿਆਂ ਮਾਰ ਦਿਤਾ ।

ਫੁਟ-ਪਾਥਾਂ 'ਤੇ ਪਏ ਜੋ ਅੱਧ-ਮੋਏ,
ਇਨ੍ਹਾਂ ਲੋਕਾਂ ਨੂੰ ਹਾਕਮਾਂ ਮਾਰ ਦਿੱਤਾ ।

'ਆਰਿਫ਼' ਦੁਸ਼ਮਣਾਂ ਤੋਂ ਬਚਦਾ ਰਿਹਾ ਐਪਰ,
ਉਹਨੂੰ ਉਹਦਿਆਂ ਦੋਸਤਾਂ ਮਾਰ ਦਿਤਾ ।



Sri Satguru Jagjit Singh Ji eLibrary NamdhariElibrary@gmail.com

ਸਿਮ੍ਰਤੀ

# ਬੀਬੀ ਮਹਿੰਦਰ ਕੌਰ ਚਾਵਲਾ



ਕਹਿਣ ਨੂੰ ਭਾਵੇਂ ਬੀਬੀ ਮਹਿੰਦਰ ਕੌਰ, ਸੇਠ ਤਰਲੋਕ ਸਿੰਘ ਚਾਵਲਾ ਦੀ ਧਰਮ-ਪਤਨੀ ਸਨ ਤੇ ਉਨ੍ਹਾਂ ਨੂੰ ਕਿਹਾ ਵੀ 'ਸੇਠਣੀ' ਹੀ ਜਾਂਦਾ, ਪਰ ਉਨ੍ਹਾਂ ਦੀ ਆਪਣੀ ਇਕ ਆਜ਼ਾਦ ਸ਼ਖ਼ਸੀਅਤ ਸੀ। ਬੀਬੀ ਮਹਿੰਦਰ ਕੌਰ ਨੂੰ ਐਸ਼ਵਰਜ ਭਾਗਾਂ ਵਿਚ ਮਿਲਿਆ ਸੀ—ਧਨ, ਪਦਾਰਥ, ਜਾਇਦਾਦ, ਦੁੱਧ, ਪੁੱਤ, ਪੇਕਿਆਂ ਅਤੇ ਸੌਹਰਿਆਂ ਵਲੋਂ ਪਰਮ ਸੁੱਖ, ਪਰਮ ਪਦਵੀ ਅਤੇ ਪਰਮ ਸਤਿਕਾਰ। ਆਪਣੇ ਇਸ਼ਟ-ਦੇਵ ਦੋ ਸਤਿਗੁਰੂ ਸਾਹਿਬਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਰਮ ਨਿਵਾਜ਼ਸ਼ ਵੀ। ਇਹ ਉਨ੍ਹਾਂ ਦੀਆਂ ਪ੍ਰਤੱਖ ਪ੍ਰਾਪਤੀਆਂ ਸਨ। ਹਰ ਸਾਲ ਉਨ੍ਹਾਂ ਬਾਰੇ ਕਾਫੀ ਜਾਣਕਾਰੀ ਦਿਤੀ ਜਾਂਦੀ ਰਹੀ ਹੈ। ਇਹ ਗੱਲਾਂ ਓਪਰੀ ਨਜ਼ਰੇ ਵੇਖਿਆਂ ਕੁਦਰਤੀ ਲਗਦੀਆਂ ਹਨ 'ਜਿਨਾ ਭਾਗ ਮਥਾਹਿ' ਵਾਂਗ, ਪਰ ਅੱਜ ਦੇ ਸਮਾਜਕ ਵਰਤਾਰੇ ਦੀ ਲਿਸ਼ਕੋਰ ਨੂੰ ਅੱਗੇ-ਪਿੱਛੇ ਹੇਠਾਂ-ਉਪਰ ਕਰਨ ਨਾਲ ਬੀਬੀ ਮਹਿੰਦਰ ਕੌਰ ਦੀ ਸ਼ਖ਼ਸੀਅਤ ਪੂਰੇ ਫੋਕਸ ਵਿਚ ਉਭਰਦੀ ਹੈ। ਸੇਵਾ ਅਤੇ ਸਿਮਰਨ ਧਰਮ ਦੀਆਂ ਬੁਨਿਆਦੀ ਇੱਟਾਂ ਹਨ, ਪਰ ਅੱਜ ਇਹ ਹੀ ਸਾਡੇ ਜੀਵਨ 'ਚੋਂ ਖਾਰਜ ਹਨ। ਅਜ ਆਮ ਘਰਾਂ ਵਿਚ ਅਖੰਡ-ਪਾਠ ਵੀ ਹੁੰਦੇ ਹਨ ਲੰਗਰ ਵੀ, ਪਰ ਸੇਵਾ ਸਿਮਰਨ ਮਨਫ਼ੀ ਹੁੰਦਾ ਹੈ। ਪੈਸੇ ਦੇ ਕੇ ਪਾਠ ਕਰਵਾਇਆ ਅਤੇ ਧਨ ਖਰਚਕੇ ਹੀ ਲੰਗਰ ਤਿਆਰ ਕਰਵਾਇਆ, ਕਿਰਾਏ ਦੇ ਬੰਦਿਆਂ ਕੋਲੋਂ ਲੰਗਰ ਵਰਤਾਉਣ ਦੀ ਸੇਵਾ ਕਰਵਾਈ। ਸੂਟ-ਬੂਟ ਪਹਿਨਕੇ ਲੰਗਰ ਛਕਿਆ। ਜਿਸ ਕੋਲ ਮਾਇਆ ਦੀ ਬਹੁਲਤਾ ਨਾ ਵੀ ਹੋਵੇ ਉਹ ਵੀ ਵਾਹ ਲਗਦੀ ਇਸ ਕਿਸਮ ਤੋਂ ਘਟ ਗੱਲ ਨਹੀਂ ਕਰਨਾ ਚਾਹੁੰਦਾ ਤਾਂ ਕਿ ਉਸਦੀ ਮਾਇਕ ਪੋਜ਼ੀਸ਼ਨ ਨੂੰ ਮਿਹਣਾ ਨਾ ਜਾਵੇ। ਇਸ ਪ੍ਰਿਸ਼ਟ-ਭੂਮੀ 'ਚ ਵੇਖਿਆਂ ਬੀਬੀ ਮਹਿੰਦਰ ਕੌਰ ਜੀ ਦਾ ਪਤਾ ਲਗਦਾ ਹੈ—ਭਾਂਡੇ ਮਾਂਜਦੀ, ਪ੍ਰਸ਼ਾਦੇ ਪਕਾਉਂਦੀ, ਕੱਪੜੇ ਧੋਂਦੀ ਧਵਾਉਂਦੀ ਅਤੇ ਨਿੱਤ ਘਰ ਵਿਚ ਚਲਦੇ ਲੰਗਰ ਦੀ ਨਿਰੰਤਰਤਾ ਕਾਇਮ ਰੱਖਦੀ। ਨਾ ਸੌਣ ਦਾ ਆਹਰ ਨਾ ਖਾਣ ਤੇ ਆਰਾਮ ਦਾ। ਅਜਿਹੀਆਂ ਸ਼ਖ਼ਸੀਅਤਾਂ ਨਾ ਕੇਵਲ ਘਰ ਦਾ ਥੰਮ੍ਹ ਹੁੰਦੀਆਂ ਹਨ ਸਗੋਂ ਸਮਾਜ ਦਾ ਪੀਲ-ਪਾਵਾ ਵੀ ਹੁੰਦੀਆਂ ਹਨ।

ਬੀਬੀ ਜੀ ਦਾ ਪਰਿਵਾਰ ਥਾਈਲੈਂਡ ਭਾਰਤ ਅਮਰੀਕਾ ਵਿਚ ਫੈਲਿਆ ਹੋਇਆ ਹੈ। ਸਭ ਕੁਝ ਹੈ ਪਰ ਇਕ ਬੀਬੀ ਮਹਿੰਦਰ ਕੌਰ ਦਾ ਖਿਲਾਅ ਪ੍ਰਤੱਖ ਦਿਸਦਾ ਹੈ—ਪਰਿਵਾਰ ਨੂੰ ਵੀ ਤੇ ਨਾਮਧਾਰੀ ਸਮਾਜ ਨੂੰ ਵੀ--ਸ਼ਖ਼ਸੀਅਤਾਂ ਦੇ ਜਾਣ ਨਾਲ ਇੰਝ ਤਸਵੀਰਾਂ ਬਦਲਦੀਆਂ ਹਨ।

ਸੇਠ ਤਰਲੋਕ ਸਿੰਘ ਜੀ ਨੇ ਆਪਣੀ ਜੀਵਨ ਸਾਥਣ ਦੀ ਯਾਦ ਨੂੰ ਆਪਣੇ ਜੀਵਨ ਦਾ ਅਤਿ ਕੀਮਤੀ ਸਰਮਾਇਆ ਬਣਾਇਆ ਹੋਇਆ ਹੈ ਅਤੇ ਇਸ ਯਾਦ ਨੂੰ ਲੋਕ-ਸੇਵਾ ਵਿਚ ਪਰਿਵਰਤਿਤ ਕਰਨ ਦਾ ਜਤਨ ਕੀਤਾ ਹੋਇਆ ਹੈ। ਉਨ੍ਹਾਂ ਬੀਬੀ ਜੀ ਦੀ ਯਾਦ ਵਿਚ ਇਕ ਪੁਰਸਕਾਰ ਵੀ ਸਥਾਪਤ ਕੀਤਾ ਹੈ, ਜੋ ਸੇਵਾ ਕਾਰਜ ਵਿਚ ਪ੍ਰਵਾਨ ਕਿਸੇ ਇਸਤਰੀ ਨੂੰ ਹਰ ਸਾਲ ਦਿਤਾ ਜਾਂਦਾ ਹੈ। ਹੋਰ ਸਮਾਗਮਾਂ ਰਾਹੀਂ ਵੀ ਉਨ੍ਹਾਂ ਦੀ ਯਾਦ ਤਾਜ਼ਾ ਰੱਖੀ ਜਾ ਰਹੀ ਹੈ।

ਬੀਬੀ ਜੀ ਦੀ ਸੱਚੀ ਯਾਦ ਤਾਂ ਇਹ ਹੈ ਕਿ ਸੇਵਾ ਅਤੇ ਸਿਮਰਨ ਦੀ ਰੁਚੀ ਨੂੰ ਅਮਲੀ ਰੂਪ ਵਿਚ ਵਿਕਸਤ ਕਰਨ ਵਾਸਤੇ ਪ੍ਰਚਾਰ ਪ੍ਰਸਾਰ ਅਤੇ ਅਮਲੀ ਉਪਰਾਲੇ ਕੀਤੇ ਜਾਣ। ਸਮਾਜ ਉਹਨਾਂ ਆਸਰੇ ਬਣਦਾ ਹੈ ਜੋ ਆਪ ਪਿਛੇ ਰਹਿ ਕੇ ਲੁਕ ਕੇ ਸੇਵਾ ਦਾ ਯੋਗਦਾਨ ਪਾਉਂਦੇ ਹਨ। ਹਰ ਵੇਲੇ ਅੱਗੇ ਅੱਗੇ ਹੋ ਕੇ ਦਿਸਣ ਦਾ ਜਤਨ ਕਰਨ ਵਾਲੇ ਅਤੇ ਅਤੇ ਆਪਣੇ ਆਪ ਨੂੰ ਆਕਰਸ਼ਤ ਬਨਾਉਣ ਲਈ ਲਗੇ ਲੋਕ ਜਦੋਂ ਵੀ ਕਰਨਗੇ ਨੁਕਸਾਨ ਹੀ ਕਰਨਗੇ। ਸਹਿਜ ਸੰਤੁਲਤ ਸ਼ਾਂਤ ਸੇਵਾ ਦੀ ਮੂਰਤ ਬੀਬੀ ਮਹਿੰਦਰ ਕੌਰ ਸੇਵਾ ਸਿਮਰਨ ਦੀ ਆਦਰਸ਼ ਮੂਰਤ ਸਨ। ਉਨ੍ਹਾਂ ਦੀ ਮਹਿਮਾ ਨੂੰ ਅਮਲ ਦਾ ਜਾਮਾ ਪਹਿਨਾਉਣਾ ਚੰਗੀ ਗੱਲ ਹੈ।

**—ਜਗਦੀਸ਼ ਸਿੰਘ**



Sri Satguru Jagjit Singh Ji eLibrary NamdhariElibrary@gmail.com

ਮਤਾਂ ਅਸੀਂ ਭੁੱਲ ਜਾਈਏ

# ਸੰਤ ਇੰਦਰ ਸਿੰਘ ਚੱਕ੍ਰਵਰਤੀ

— ਪ੍ਰੀਤਮ ਸਿੰਘ ਪੰਛੀ

ਸੰਤ ਇੰਦਰ ਸਿੰਘ ਚੱਕ੍ਰਵਰਤੀ ਇਕ ਪ੍ਰਤਿਭਾਸ਼ਾਲੀ ਵਿਅਕਤੀ ਸਨ। ਸਰੇਸ਼ਟ ਲੇਖਕ, ਚੰਗੇ ਬੁਲਾਰੇ ਅਤੇ ਸੰਗਠਨ-ਕਰਤਾ ਸਨ। ਮੁੱਢਲੀ ਧਾਰਮਕ ਸਿਖਸ਼ਾ ਪ੍ਰਾਪਤ ਕਰਨ ਤੋਂ ਬਾਅਦ ਉਹਨਾਂ ਨੇ ਪੰਜਾਬੀ ਹਿੰਦੀ ਮਾਧਿਅਮ ਤੋਂ ਸਰਬ-ਪੱਖੀ ਗਿਆਨ ਪ੍ਰਾਪਤ ਕੀਤਾ ਅਤੇ ਪੰਜਾਬੀ ਸਾਹਿਤ ਅਤੇ ਨਾਮਧਾਰੀ ਸਮਾਜ ਵਿਚ ਇਕ ਵਿਲੱਖਣ ਪਹਿਚਾਣ ਬਣਾ ਲਈ।

ਉਹ ਮੇਰੇ ਸਾਹਿਤਕ ਗੁਰੂ ਸਨ। ਲਿਖਣ ਪੜ੍ਹਨ ਦੀ ਪ੍ਰੇਰਨਾ ਉਨ੍ਹਾਂ ਕੋਲੋਂ ਮਿਲੀ। ਸਕੂਲ ਦੇ ਦਿਨਾਂ ਵਿਚ ਹੀ ਉਨ੍ਹਾਂ ਦੀ ਪ੍ਰੇਰਨਾ ਸਾਡੇ ਭਵਿੱਖ ਦੀ ਨਿਸ਼ਾਨਦੇਹੀ ਬਣ ਗਈ। ਮੇਰੀ ਉਮਰ ਉਦੋਂ ਸਿਰਫ ਪੰਦਰਾਂ ਸਾਲ ਦੀ ਸੀ, ਜਦੋਂ ਉਨ੍ਹਾਂ ਨੇ ਮੈਨੂੰ ਨਾਮਧਾਰੀ ਪਥ ਦੇ ਮੁੱਖ ਪੱਤਰ 'ਸਤਿਜੁਗ' ਦਾ ਸਹਿਕਾਰੀ ਸੰਪਾਦਕ ਬਣਵਾ ਦਿਤਾ। ਮੇਰੇ ਦੋ ਸਾਥੀ ਹੋਰ ਸਨ, ਜੋ ਉਮਰ ਵਿਚ ਮੇਰੇ ਨਾਲੋਂ ਵਡੇ ਸਨ।

ਸਕੂਲ ਵਿਚੋਂ ਨਿਕਲਣ ਬਾਅਦ ਮੈਂ ਉਨ੍ਹਾਂ ਦੇ ਪਿੰਡ ਰਹਿਕੇ ਉਨ੍ਹਾਂ ਦੀ ਨਿਜੀ ਲਾਇਬਰੇਰੀ ਤੋਂ ਬਹੁਤ ਲਾਭ ਉਠਾਇਆ। ਉਨ੍ਹਾਂ ਦੇ ਪਿੰਡ ਦੇ ਨਾਲ ਹੀ ਰੋਪੜ ਵਾਲੀ ਨਹਿਰ ਸੀ, ਜਿਸ ਦੇ ਸੰਘਣੀ ਛਾਂ ਦੇਣ ਵਾਲੇ ਰੁਖਾਂ ਹੇਠ ਬੈਠ ਕੇ ਮੈਂ ਪ੍ਰੇਮ ਚੰਦ, ਸ਼ਰਤ ਚੰਦਰ ਚੈਟਰਜੀ, ਰਾਹੁਲ ਸਾਂਕ੍ਰਿਤਾਇਨ ਸਰੀਖੇ ਪ੍ਰਸਿਧ ਲੇਖਕਾਂ ਦੀਆਂ ਰਚਨਾਵਾਂ ਦਾ ਮਨਨ ਕੀਤਾ। ਮੇਰੀ ਸਾਹਿਤਕ ਬੁਨਿਆਦ ਬਣੀ ਅਤੇ ਪਤ੍ਰਕਾਰੀ ਦਾ ਪੇਸ਼ਾ ਅਪਨਾਉਣ ਦਾ ਫੈਸਲਾ ਕਰ ਲਿਆ।

ਸੰਤ ਇੰਦਰ ਸਿੰਘ ਚਕ੍ਰਵਰਤੀ ਭਾਵੇਂ ਨਾਮਧਾਰੀ ਪੰਥ ਦੇ ਸਿਰਕਢ ਨੇਤਾ ਸਨ, ਪਰ ਉਹਨਾਂ ਵਿਚ ਕੁਝ ਕਰ ਗੁਜ਼ਰਣ ਦੀ ਲਲ੍ਹਕ ਬਹੁਤ ਸੀ, ਜਿਸਨੇ ਉਹਨਾਂ ਨੂੰ ਬਾਹਰਲੀ ਦੁਨੀਆ ਨਾਲ ਵੀ ਜੋੜ ਦਿਤਾ ਸੀ। ਉਹ ਕਈ ਅਖਬਾਰਾਂ ਰਸਾਲਿਆਂ ਦੇ ਸੰਪਾਦਕ ਰਹੇ ਅਤੇ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਬਣਾਈ ਸੰਸਥਾ ਪ੍ਰੀਤ ਮੰਡਲ ਦੇ ਲਾਈਫ ਮੈਂਬਰ ਵੀ ਬਣ ਗਏ। ਉਥੇ ਉਹਨਾਂ ਨੇ 'ਪ੍ਰੀਤ ਸੈਨਿਕ' ਸਪਤਾਹਿਕ ਦਾ ਸੰਪਾਦਨ ਵੀ ਕੀਤਾ।

ਨਾਮਧਾਰੀ ਪੰਥ ਦੇ ਸਿਰਤਾਜ ਸਤਿਗੁਰੂ ਪ੍ਰਤਾਪ ਸਿੰਘ ਜੀ ਉਹਨਾਂ ਨੂੰ ਬਾਰ ਬਾਰ ਉਖਾੜ ਕੇ ਆਪਣੇ ਕੋਲ ਲੈ ਆਉਂਦੇ ਰਹੇ। ਏਥੇ ਵੀ ਉਹਨਾਂ ਦੇ ਕੰਮ ਸ਼ਲਾਘਾ ਯੋਗ ਸਨ। ਉਹਨਾਂ ਦੀ ਪਲਾਨਿੰਗ ਹੀ ਸੀ ਕਿ ੧੯੩੪ ਨੂੰ ਸ੍ਰੀ ਭੈਣੀ ਸਾਹਿਬ ਵਿਚ ਸਰਬ ਸੰਪ੍ਰਦਾਇ ਕਾਨਫਰੰਸ ਹੋਈ ਜਿਸ ਵਿਚ ਸਿਖ ਪੰਥ ਦੇ ਮੋਹਰਲੀ ਕਤਾਰ ਦੇ ਆਗੂ ਹੀ ਨਹੀਂ, ਸਗੋਂ ਭਾਈ ਕਾਨ੍ਹ ਸਿੰਘ ਨਾਭਾ, ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਵਰਗੇ ਬੁਧੀਜੀਵੀ ਅਤੇ ਭਾਈ ਤਖਤ ਸਿੰਘ ਫੀਰੋਜ਼ਪੁਰ, ਭਾਈ ਜੋਧ ਸਿੰਘ ਅਤੇ ਭਾਈ ਅਰਜਨ ਸਿੰਘ ਵਰਗੇ ਸਿਖਸ਼ਾ ਸ਼ਾਸਤਰੀ ਅਤੇ ਧਾਰਮਿਕ ਆਗੂਆਂ ਨੇ ਸ਼ਮੂਲੀਅਤ ਕੀਤੀ।

ਇਸ ਦੇ ਇਲਾਵਾ ਉਹ ਨਾਮਧਾਰੀ ਮੇਲਿਆਂ ਵਿਚ ਪੰਜਾਬੀ ਦੇ ਉਘੇ ਲੇਖਕਾਂ ਅਤੇ ਕਵੀਆਂ ਨੂੰ ਬੁਲਾ ਕੇ ਉਹਨਾਂ ਦਾ ਮਾਣ ਸਤਿਕਾਰ ਕਰਾਉਂਦੇ ਰਹਿੰਦੇ ਸਨ। ਇਨ੍ਹਾਂ ਵਿਚ ਪ੍ਰਸਿਧ ਪੰਜਾਬੀ ਕਵੀ ਲਾਲਾ ਧਨੀ ਰਾਮ ਚਾਤ੍ਰਿਕ, ਚੰਨਣ ਸਿੰਘ ਜੇਠੂਵਾਲੀਆ, ਫੀਰੋਜ਼ਦੀਨ ਸ਼ਰਫ, ਲੋਕ ਗੀਤਾਂ ਲਈ ਸਮਰਪਿਤ ਦੇਵਿੰਦਰ ਸਤਿਆਰਥੀ ਅਤੇ ਐਸ. ਐਸ. ਅਮੋਲ ਸ਼ਾਮਲ ਸਨ।

ਸੰਤ ਇੰਦਰ ਸਿੰਘ ਚਕ੍ਰਵਰਤੀ ਨਾਲ ਮੈਨੂੰ ਇਲਾਹਾਬਾਦ, ਲਖਨਊ, ਬਨਾਰਸ ਵਗੈਰਾ ਘੁੰਮਣ ਦਾ ਮੌਕਾ ਵੀ ਮਿਲਦਾ ਰਿਹਾ। ਇਕ ਵਾਰ ਅਸੀਂ ਇਲਾਹਾਬਾਦ ਹਿੰਦੀ ਸਾਹਿਤ ਸੰਮੇਲਨ ਦੀ ਸਥਾਈ ਸੰਮਿਤੀ ਦੀ ਮੀਟਿੰਗ ਵਿਚ ਹਿੱਸਾ ਲੈਣ ਗਏ ਤਾਂ ਬਹੁਤ ਸਾਰੇ ਹਿੰਦੀ ਲੇਖਕਾਂ, ਸੰਪਾਦਕਾਂ ਅਤੇ ਵਿਦਵਾਨਾਂ ਨੂੰ ਮਿਲਣ ਦਾ ਮੌਕਾ ਮਿਲਿਆ ਸੀ।

ਸੰਤ ਇੰਦਰ ਸਿੰਘ ਚਕ੍ਰਵਰਤੀ ਦਾ ਪਰਿਵਾਰਕ ਜੀਵਨ ਸੁਖਾਵਾਂ ਨਹੀਂ ਸੀ, ਪਰ ਫਿਰ ਵੀ ਕਿਸੇ ਤਰ੍ਹਾਂ ਨਿਭਾ ਰਹੇ ਸਨ। ਉਹ ਆਪਣੇ ਬਚਿਆਂ ਨੂੰ ਕੁਝ ਬਨਾਉਣਾ ਚਾਹੁੰਦੇ ਸਨ ਪਰ ਹਾਲਾਤ ਨੇ ਉਹਨਾਂ ਦਾ ਸਾਥ ਨਾ ਦਿਤਾ।

ਦੇਸ਼ ਦੀ ਵੰਡ ਅਤੇ ਆਜ਼ਾਦੀ ਮਿਲਣ ਬਾਅਦ ਉਹ ਪਟਿਆਲੇ ਆ ਕੇ ਪੰਜਾਬ ਭਾਸ਼ਾ ਵਿਭਾਗ ਵਿਚ ਕੋਸ਼ਕਾਰ ਦੇ ਤੌਰ ਤੇ ਮੁਲਾਜ਼ਮ ਹੋ ਗਏ ਸਨ ਅਤੇ ਉਮਰ ਦੇ ਆਖਰੀ ਦਿਨਾਂ ਤਕ ਉਥੇ ਹੀ ਲਿਖਣ ਪੜ੍ਹਣ ਵਿਚ ਸਰਗਰਮ ਰਹੇ। ਉਹਨਾਂ ਨੇ ਨਾਮਧਾਰੀ ਲਹਿਰ ਦੇ ਪ੍ਰਵਰਤਕ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਮਾਲੇਂਵਦਰ ਮਹਾਕਾਵਿ ਦੀ ਰਚਨਾ ਕੀਤੀ। ਇਸ ਤੋਂ ਪਹਿਲਾਂ ਉਹਨਾਂ ਦੇ ਇਕਾਂਗੀ ਨਾਟਕਾਂ ਦਾ ਸੰਗ੍ਰਹਿ 'ਪੂਰਬ ਪਛਮ' ਕਾਫੀ ਚਰਚਾ ਵਿਚ ਰਿਹਾ ਸੀ। ਉਹਨਾਂ ਦੀਆਂ ਹੋਰ ਕਾਫੀ ਪੁਸਤਕਾਂ ਹਨ, ਜਿਨ੍ਹਾਂ ਤੇ ਪੰਜਾਬੀਆਂ ਨੂੰ ਮਾਣ ਹੈ।

ਇਹੋ ਕਾਰਨ ਹੈ ਕਿ ਉਹਨਾਂ ਦੇ ਮਰਨ ਉਪਰੰਤ ਪੰਜਾਬ ਦੀਆਂ ਸਾਹਿਤ ਸਭਾਵਾਂ ਨੇ ਉਹਨਾਂ ਨੂੰ ਸਨਮਾਨ ਦਿੰਦਿਆਂ, ਉਹਨਾਂ ਦੇ ਨਾਂਅ ਤੇ ਅਵਾਰਡਾਂ ਦੀ ਸਥਾਪਨਾ ਕੀਤੀ ਹੈ।



Sri Satguru Jagjit Singh Ji eLibrary NamdhariElibrary@gmail.com

# ਸਿਆਮ, ਅਰਥਾਤ ਕੁਬੇਰ ਰਾਜ ਦੀ ਯਾਤਰਾ (੬)

—ਅਮਰ ਭਾਰਤੀ

ਸਾਡੀ ਸਿਆਮ ਯਾਤਰਾ ਭਾਵੇਂ ਮੂਲ ਰੂਪ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਪਰਦੇਸ ਗਮਨ ਸ਼ਤਾਬਦੀ ਦੇ ਨਮਿਤ ਹੀ ਹੋ ਰਹੀ ਸੀ ਤੇ ਮੋਟੇ ਰੂਪ ਵਿਚ ਇਹ ਸਿਆਮ ਵਿਚ ਵਸਦੇ ਨਾਮਧਾਰੀਆਂ ਦੇ ਦਰਸ਼ਨ ਪਰਸਨ ਦਾ ਮੌਕਾ ਮੁਹੱਈਆਂ ਕਰਨ ਵਾਲੀ ਹੀ ਸੀ, ਪਰ ਫਿਰ ਵੀ ਏਡੇ ਵਡੇ ਦੇਸ ਵਿਚ ਅਸੀਂ ਦੋ ਤਿੰਨ ਆਦਮੀ—ਐਡੀਟਰ ਆਰਸੀ ਪ੍ਰੀਤਮ ਸਿੰਘ ਜੀ, ਕਵੀ ਪ੍ਰੀਤਮ ਸਿੰਘ ਜੀ ਅਤੇ ਇਨ੍ਹਾਂ ਸਤਰਾਂ ਦਾ ਲੇਖਕ—ਇਸ ਵਿਚਾਰ ਨਾਲ ਗਏ ਸਾਂ ਕਿ ਇਸ ਦੇਸ ਨੂੰ ਵੀ ਅਸੀਂ ਨੇੜਿਉਂ ਤੱਕ ਕੇ ਆਵਾਂਗੇ। ਨਿਰਾ ਸਿਆਮ ਦੇਸ਼ ਨੂੰ ਤੇ ਉਸ ਦੇ ਅਸਲ ਵਸਨੀਕਾਂ ਨੂੰ ਹੀ ਨਹੀਂ, ਸਗੋਂ ਉਥੇ ਆਪਣੇ ਲੋਕਾਂ ਦੀ ਉਸ ਦੇਣ ਬਾਰੇ ਵੀ ਕੁਝ ਜਾਣਾ ਸਮਝਾਂਗੇ ਜਿਸਦੀ ਬਦੌਲਤ ਸਿਆਮ ਦਾ ਹਰ ਨਾਮਧਾਰੀ 'ਸੇਠ' ਨਾਮ ਨਾਲ ਪ੍ਰਸਿਧ ਹੋ ਜਾਂਦਾ ਹੈ। ਸਾਡੇ ਜਾਣਨ ਵਾਲੀ ਇਕ ਗੱਲ ਇਹ ਵੀ ਸੀ ਕਿ ਨਾਮਧਾਰੀ ਇਤਿਹਾਸ ਦੇ ਬੀਤੇ ਸੌ ਸਾਲਾਂ ਬਾਰੇ ਭਾਰਤ ਤੋਂ ਬਾਹਰ, ਖੁਲ੍ਹੀ ਡੁਲ੍ਹੀ ਦੁਨੀਆਂ ਵਿਚ ਵਸਦੇ ਨਾਮਧਾਰੀਆਂ ਦੀ ਪੁਰਾਣੀ ਤੇ ਨਵੀਂ ਪੀੜ੍ਹੀ ਦੀ ਪ੍ਰਸੰਗ ਅਨੁਸਾਰ ਕਿੰਨੀ ਕੁ ਸਮਾਨਤਾ ਹੈ ਤੇ ਕਿੰਨੀ ਕੁ ਦੂਰੀ। ਉਥੋਂ ਦੇ ਨਾਮਧਾਰੀਆਂ ਬਾਰੇ ਸਭ ਤੋਂ ਵਡੀ ਜਾਨਣ ਵਾਲੀ ਗੱਲ ਇਹ ਵੇ ਕਿ ਉਹ ਬਹੁਤ ਹੀ ਵਡੇ ਧਨਪਤੀ ਹੋਣ ਦੇ ਨਾਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਰਦੇਸ ਗਮਨ ਸ਼ਤਾਬਤੀ ਦੇ ਸਿਲਸਿਲੇ ਵਿਚ ਸਥਾਈ ਮਹੱਤਵ ਦੇ ਕਿਹੜੇ ਕਿਹੜੇ ਕੰਮ ਕਰਦੇ ਹਨ।

ਸ਼ਤਾਬਦੀ ਦੇ ਸਿਲਸਿਲੇ ਵਿਚ ਹੋਏ ਸਮਾਗਮਾਂ ਸਮੇਂ ਕਈ ਤਜਵੀਜ਼ਾਂ ਏਧਰੋਂ ਉਧਰੋਂ ਆਈਆਂ ਜ਼ਰੂਰ ਕਿ ਕੋਈ ਯੂਨੀਵਰਸਿਟੀ ਬਣਾਈ ਜਾਵੇ, ਕੋਈ ਯਾਦਗਾਰੀ ਇਮਾਰਤ ਜਾਂ ਹਾਲ ਹੀ ਬਣਾ ਦਿਤਾ ਜਾਵੇ। ਐਡੀਟਰ ਆਰਸੀ ਸ੍ਰੀ ਪ੍ਰੀਤਮ ਸਿੰਘ ਜੀ ਵਲੋਂ ਵੀ ਇਕ ਬੜੀ ਹੀ ਠੋਸ ਤਜਵੀਜ਼ ਆਈ ਜਿਸ ਵਿਚ ਆਪ ਨੇ ਕਿਹਾ ਕਿ ਚੂੰਕਿ ਪੰਜਾਬੀ ਬੋਲੀ ਵਿਦਿਅਕ ਅਤੇ ਰਾਜਨੀਤਕ ਮਰਯਾਦਾ ਦਿਵਾਣ ਲਈ ਸਭ ਤੋਂ ਪਹਿਲਾ ਘੋਲ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਸ਼ੁਰੂ ਕੀਤਾ ਸੀ ਇਸ ਲਈ ਨਾਮਧਾਰੀਆਂ ਨੂੰ ਇਸ ਸ਼ਤਾਬਦੀ ਸਮੇਂ ਪੰਜਾਬੀ ਬੋਲੀ ਤੇ ਸਾਹਿਤ ਦੀ ਉਨਤੀ ਲਈ ਕੁਝ ਨਿਗਰ ਪ੍ਰੋਗਰਾਮ ਨਿਸਚਿਤ ਕਰਕੇ ਉਨ੍ਹਾਂ ਉਪਰ ਅਮਲ ਕਰਨਾ ਚਾਹੀਦਾ ਹੈ—ਤੇ ਇਹ ਇਕ ਇਹੋ ਜਿਹਾ ਕੰਮ ਸੀ ਜਿਸ ਨੂੰ ਜੇ ਚਾਹੇ ਤਾਂ ਸਿਆਮ ਦਾ ਇਕ ਇਕ ਸੇਠ ਇਕੱਲਾ ਇਕੱਲਾ ਵੀ ਕਰਨ ਦੀ ਸਮਰੱਥਾ ਰਖਦਾ ਹੈ।

ਪਰ ਵੇਖਿਆ ਕਿ ਹਰ ਤਜਵੀਜ਼ ਪੇਸ਼ ਹੋਣ ਤੋਂ ਬਾਅਦ ਹਵਾ ਵਿਚ ਲੀਨ ਹੋ ਜਾਂਦੀ ਰਹੀ। ਕਿਸੇ ਪਾਸਿਉਂ ਕੋਈ ਵੀ ਹੁੰਗਾਰਾ ਨਹੀਂ ਮਿਲਿਆ।

ਇਹ ਗੱਲ ਧਿਆਨ ਖਿੱਚਣ ਵਾਲੀ ਸੀ। ਬਾਅਦ ਵਿਚ ਹੋਰ ਘੋਖ ਪੜਤਾਲ ਕਰਨ ਤੇ ਜਿਹੜੀ ਤਸਵੀਰ ਸਾਹਮਣੇ ਆਈ ਉਹ ਕਾਫੀ ਦਿਲਚਸਪ ਸੀ। ਬਦੇਸਾਂ ਵਿਚ ਵਸਦੇ ਨਾਮਧਾਰੀਆਂ ਦੀ ਪੁਰਾਣੀ ਪੀੜ੍ਹੀ ਆਪਣੇ ਸੂਦੀ, ਜ਼ਮੀਨੀ ਜਾਂ ਹੋਰ ਕਈ ਤਰ੍ਹਾਂ ਦੇ ਬਹੁਤ ਵਧ ਮੁਨਾਫੇ ਵਾਲੇ ਕਾਰੋਬਾਰ ਵਿਚ ਇਸ ਵਿਸ਼ਵਾਸ ਨਾਲ ਲਗੀ ਰਹਿੰਦੀ ਹੈ ਕਿ ਇਹ ਸਭ ਸਤਿਗੁਰੂ ਦੀ ਕਿਰਪਾ ਦਵਾਰਾ ਹੈ। ਉਸ ਦੀ ਵਡੀ ਤੋਂ ਵਡੀ ਚਾਹ ਇਹ ਹੁੰਦੀ ਹੈ ਕਿ ਸਤਿਗੁਰਾਂ ਦੇ ਦਰਸ਼ਨ ਹੁੰਦੇ ਰਹਿਣ, ਦੀਵਾਨ ਲਗਦੇ ਰਹਿਣ ਤੇ ਮੰਦੇ-ਚੰਗੇ ਕਰਮਾਂ ਦਾ ਨਿਪਟਾਰਾ ਨਾਲ ਨਾਲ ਹੀ ਹੁੰਦਾ ਰਹੇ। ਸਤਿਗੁਰੂ ਰਾਮ ਸਿੰਘ ਜੀ ਵਲੋਂ ਸ਼ੁਰੂ ਕੀਤੇ ਗਏ ਰਾਜਨੀਤਕ ਸਮਾਜਕ ਤੇ ਉਸਾਰੂ ਕੰਮਾਂ ਬਾਰੇ, ਉਸ ਦੀ ਸੋਚਣੀ ਇਹ ਹੈ ਕਿ ਇਹ ਸਾਰੇ ਕੰਮ ਸਤਿਗੁਰੂ ਆਪ ਹੀ ਕਰਨ ਵਾਲਾ ਹੈ। ਉਂਜ ਗੁਰੂ ਘਰ ਨੂੰ ਮਾਇਆ ਦੇ ਖੁਲ੍ਹੇ ਗੱਫੇ ਦੇਣ ਨੂੰ ਉਹ ਸਦਾ ਤਿਆਰ ਰਹਿੰਦੇ ਹਨ ਤੇ ਸ਼ਤਾਬਦੀ ਦੇ ਸਿਲਸਿਲੇ ਵਿਚ ਵੀ ਉਨ੍ਹਾਂ ਨੇ ਇੰਜ ਹੀ ਕੀਤਾ ਹੈ, ਪਰ ਆਪਣੀ ਪਹਿਲ ਕਦਮੀ ਉਤੇ ਕਿਸੇ ਯੋਜਨਾ ਨੂੰ ਹੱਥ ਵਿਚ ਲੈਣ ਦੀ ਰੁਚੀ ਉਥੇ ਕਿਸੇ ਨੇ ਨਹੀਂ ਵਿਖਾਈ।

ਨਵੀਂ ਪੀੜ੍ਹੀ ਦੇ ਜਿਹੜੇ ਜਵਾਨ ਘਟ ਪੜ੍ਹੇ ਅਤੇ ਆਪਣੇ ਖਾਨਦਾਨੀ ਕਾਰੋਬਾਰ ਵਿਚ ਲਗੇ ਹੋਏ ਹਨ, ਉਨ੍ਹਾਂ ਵਿਚ ਤੇ ਪੁਰਾਣੀ ਪੀੜ੍ਹੀ ਦੇ ਬਜ਼ੁਰਗਾਂ ਦੀ ਸੋਚ ਵਿਚ ਤਾਂ ਬਹੁਤ ਘਟ ਫਰਕ ਹੈ—ਪਰ ਜਿਹੜੇ ਕੁਝ ਕੁ ਨੌਜਵਾਨ ਜ਼ਰਾ ਵਧੇਰੇ ਪੜ੍ਹ ਲਿਖ ਗਏ ਹਨ, ਉਹ ਇਤਕਾਦ ਵਲੋਂ ਨਾਮਧਾਰੀ ਆਚਰਨ ਤੇ ਮਰਿਆਦਾ ਤੋਂ ਕਾਫੀ ਲਾਂਭੇ ਹਟੇ ਦਿਸੇ। ਜਿਸ ਕਰਕੇ ਉਨ੍ਹਾਂ ਵਿਚ ਸ਼ਤਾਬਦੀ ਨੂੰ ਸਥਾਈ ਮਹੱਤਵ ਦੀ ਕਿਸੇ ਪ੍ਰਾਪਤੀ ਦੇ ਪੱਖ ਤੋਂ ਮਨਾਉਣ ਬਾਰੇ ਕੋਈ ਉਤਸ਼ਾਹ ਨਜ਼ਰ ਨਾ ਆਇਆ।



Sri Satguru Jagjit Singh Ji eLibrary NamdhariElibrary@gmail.com

ਉਹ ਸਭ ਕੁਝ ਨੂੰ ਵੇਖ ਕੇ ਜੇ ਇਹ ਆਖਿਆ ਜਾਵੇ ਤਾਂ ਸ਼ਾਇਦ ਇਹ ਮੁਨਾਸਬ ਹੋਵੇਗਾ ਕਿ ਹੋਰ ਕੁਝ ਹੋਵੇ ਨਾ ਹੋਵੇ, ਇਸ ਸ਼ਤਾਬਦੀ ਸਮੇਂ ਘਟੋਂ ਘਟ ਇਕ ਕੰਮ ਜ਼ਰੂਰ ਹੋ ਜਾਣਾ ਚਾਹੀਦਾ ਹੈ ਕਿ ਨਾਮਧਾਰੀ ਆਪਣੇ ਬੀਤੇ ਸੌ ਸਾਲਾਂ ਉਪਰ ਇਕ ਨਿਰਪੱਖ ਦ੍ਰਿਸ਼ਟੀਪਾਤ ਜ਼ਰੂਰ ਕਰਨ। ਇਸ ਤੋਂ ਬਾਅਦ ਪੁਰਾਤਨ ਤੇ ਨਵੀਨ ਵਿਚ ਸੁਮੇਲ ਦੇ ਲੋੜੀਂਦੇ ਤੱਤਾਂ ਨੂੰ ਲੱਭ ਕੇ ਜ਼ਰੂਰ ਅਪਣਾ ਲੈਣ। ਜੇ ਬੁਨਿਆਦੀ ਅਹਿਮੀਅਤ ਦੇ ਕਈ ਸਾਰੇ ਉਸਾਰੂ ਕੰਮ ਸ਼ੁਰੂ ਨਹੀਂ ਕੀਤੇ ਜਾਂਦੇ ਤਾਂ ਨਵੀਂ ਪੀੜ੍ਹੀ ਪੂਰੀ ਦੀ ਪੂਰੀ (ਜਿਸ ਕੋਲ ਧਨ ਦੀ ਬਹੁਲਤਾ ਹੈ) ਐਸ਼-ਇਸ਼ਰਤ ਦੇ ਉਸ ਵਹਿਣ ਵਿਚ ਵਹਿ ਜਾਵੇਗੀ—ਜਿਸ ਤੋਂ ਬਚਣ ਲਈ ਸਤਿਗੁਰੂ ਜੀ ਹਮੇਸ਼ਾਂ ਉਪਦੇਸ਼ ਦੇਂਦੇ ਹਨ। ਕੋਈ ਵੀ ਵਰਤਮਾਨ ਪੀੜ੍ਹੀ ਬੀਤੇ ਦੇ ਗੌਰਵ ਨਾਲ ਜਿਉਂਦੀ ਨਹੀਂ ਰਹਿ ਸਕਦੀ — ਜਿੰਨਾ ਚਿਰ ਉਸ ਦੇ ਆਪਣੇ ਮਨ ਬਚਨ ਤੇ ਕਰਮ ਦਾ ਇਕ ਗੌਰਵ ਉਸ ਵਿਚ ਸ਼ਾਮਲ ਨਾ ਹੋਵੇ।

ਵੇਖਿਆ ਕਿ ਨਾਮਧਾਰੀ ਨੌਜਵਾਨਾਂ ਦੀ ਵਡੀ ਗਿਣਤੀ ਨਾ ਭਾਰਤ ਬਾਰੇ ਵਿਸ਼ੇਸ਼ ਰੁਚੀ ਰਖਦੀ ਹੈ ਅਤੇ ਨਾ ਹੀ ਸਿਆਮ ਬਾਰੇ। ਬਹੁਤ ਘਟ ਕੋਈ ਵਿਰਲਾ ਹੀ ਇਹੋ ਜਿਹਾ, ਨੌਜਵਾਨ ਉਥੇ ਮਿਲਿਆ ਜਿਹੜਾ ਸਿਆਮੀ ਜ਼ਬਾਨ ਤੇ ਜਾਣਦਾ ਹੋਵੇ (ਉਹ ਸਾਰੇ ਹੀ ਜਾਣਦੇ ਹਨ)—ਪਰ ਸਿਆਮੀ ਜ਼ਬਾਨ ਦੇ ਸਾਹਿਤ ਕਲਾ, ਇਤਿਹਾਸ ਜਾਂ ਸੰਸਕ੍ਰਿਤੀ ਬਾਰੇ ਵੀ ਦਿਲਚਸਪੀ ਰਖਦਾ ਹੋਵੇ ਤੇ ਸਾਨੂੰ ਸਿਆਮ ਦੀ ਰੂਹ ਨਾਲ ਵਾਕਿਫ ਕਰਵਾ ਸਕਦਾ ਹੋਵੇ। ਹਾਂ, ਸੇਠ ਜਗਜੀਤ ਸਿੰਘ ਜੀ ਦਾ ਸਪੁੱਤਰ ਰਾਜਪਾਲ ਜ਼ਰੂਰ ਇਕ ਇਹੋ ਜਿਹਾ ਨੌਜਵਾਨ ਸੀ, ਜਿਸ ਦੀ ਰੁਚੀ ਸਿਆਮ ਦੇ ਇਤਿਹਾਸ ਕਲਾ ਤੇ ਸੰਸਕ੍ਰਿਤੀ ਵਿਚ ਹੈ ਵੇ - ਸਾਹਿਤ ਬਾਰੇ ਉਹ ਵੀ ਅਖਬਾਰਾਂ ਤਕ ਹੀ ਸੀਮਤ ਹੈ। ਫਿਰ ਵੀ ਸਾਡੀ ਲੋੜ ਉਸ ਕੋਲੋਂ ਕਾਫੀ ਹੱਦ ਤਕ ਪੂਰੀ ਹੋ ਗਈ।

### ੩੦ ਹਜ਼ਾਰ ਮੰਦਰ—ਹਰ ਆਦਮੀ ਭਿਖ਼ਸ਼ੂ

ਰਾਜਪਾਲ ਸੁਭਾਅ ਵਲੋਂ ਉਦਾਰ, ਬੇਪਰਵਾਹ ਤੇ ਮਨਮੌਜੀ ਹੋਣ ਕਰਕੇ ਅਕਸਰ ਸਾਡੇ ਨਾਲ ਕਿਸੇ ਨਾ ਕਿਸੇ ਥਾਂ ਜਾਣ ਲਈ ਤਿਆਰ ਹੋ ਜਾਂਦਾ ਤੇ ਸਿਆਮ ਬਾਰੇ ਬਹੁਤ ਸਾਰੀ ਮਹੱਤਵਪੂਰਨ ਵਾਕਫੀ ਉਸੇ ਨੇ ਹੀ ਸਾਨੂੰ ਕਰਵਾਈ। ਜਦੋਂ ਉਸ ਨੇ ਸਾਨੂੰ ਦਸਿਆ ਕਿ ਸਿਆਮ ਵਿਚ ੩੦ ਹਜ਼ਾਰ ਬੋਧ ਮੰਦਰ ਹਨ। ਇਕੱਲੇ ਬੈਂਕੌਕ ਵਿਚ ਹੀ ੩੦੦੦ ਮੰਦਰ ਹਨ ਤੇ ਹਰ ਸਿਆਮੀ ਵਿਅਕਤੀ ਜੀਵਨ ਵਿਚ ਇਕ ਵਾਰੀ ਜ਼ਰੂਰ ਬੋਧ ਭਿਖ਼ਸ਼ੂ ਬਣ ਕੇ ਤਿੰਨ ਮਹੀਨਿਆਂ ਲਈ ਘਰੋਂ ਬਾਹਰ ਬੋਧ ਵਿਹਾਰ ਵਿਚ ਰਹਿੰਦਾ ਤੇ ਮੰਗ ਕੇ ਖਾਂਦਾ ਹੈ, ਤਾਂ ਸਾਨੂੰ ਇੰਜ ਲੱਗਾ ਜਿਵੇਂ ਧਰਮ ਸਾਰੇ ਦਾ ਸਾਰਾ ਸਿਮਟਕੇ ਸਿਆਮ ਵਿਚ ਹੀ ਪਹੁੰਚ ਗਿਆ ਹੋਵੇ।

ਪਰ ਬੈਂਕੌਕ ਦੇ ਪ੍ਰਤੱਖ ਜੀਵਨ ਵਿਚ ਤੇ ਕਿਸੇ ਪੁਰਾਤਨ ਪੰਥ ਜਾਂ ਧਰਮ ਦਾ ਕਿਤੇ ਝਾਉਲਾ ਤਕ ਨਹੀਂ ਸੀ ਪੈਂਦਾ। ਬੈਂਕੌਕ ਨੂੰ ਏਸ਼ੀਆ ਦਾ ਵੀਨਸ ਕਿਹਾ ਜਾਂਦਾ ਹੈ ਕਿਉਂਕਿ ਇਹ ਸ਼ਹਿਰ ਚੋਫਾਯਾ ਨਦੀ ਦੇ ਕੰਢੇ ਵਸਿਆ ਹੋਇਆ ਯੂਰਪੀ ਢੰਗ ਦਾ ਬਿਲਕੁਲ ਆਧੁਨਿਕ ਸ਼ਹਿਰ ਹੈ। ਪੁਰਾਣੀ ਪੀੜ੍ਹੀ ਦੇ ਕੁਝ ਸਾਧਾਰਨ ਸਿਆਮੀ ਪੁਰਾਤਨ ਲਿਬਾਸ ਜ਼ਰੂਰ ਪਾਉਂਦੇ ਹਨ, ਪਰ ਨਵੀਂ ਪੀੜ੍ਹੀ ਦੇ ਕੁੜੀਆਂ ਮੁੰਡੇ ਸਾਰੇ ਦੇ ਸਾਰੇ ਯੂਰਪੀ ਲਿਬਾਸ ਦੇ ਧਾਰਨੀ, ਨਾਈਟ ਕਲੱਬਾਂ, ਹੋਟਲਾਂ, ਸਿਨਮਿਆਂ ਤੇ ਨਾਚ-ਘਰਾਂ ਦੇ ਸ਼ੌਕੀਨ ਹਨ। ਬੈਂਕੌਕ ਦੀ ਜ਼ਿੰਦਗੀ ਸਦਾ ਧੜਕਦੀ, ਸਦਾ ਤੁਰਦੀ ਤੇ ਹਰਕਤ ਵਿਚ ਲਗਦੀ, ਹਰ ਕੋਈ ਤੁਰਦਾ, ਖਲੋਤਾ ਕੰਮ ਕਰਦਾ ਦਿਸਦਾ—ਪੁਰਾਤਨ ਸੰਸਕ੍ਰਿਤੀ ਦੇ ਪ੍ਰਤੀਕ ਵਾਂਗ ਕੋਈ ਜ਼ਮੀਨ ਉਪਰ ਬੈਠ ਕੇ ਪਥੱਲਾ ਮਾਰਕੇ ਕੰਮ ਕਰਦਾ ਨਾ ਦਿਸਦਾ। ਜੀਵਨ ਵਿਚ ਹਲਚਲ ਵੀ ਦਿਸਤੀ ਤੇ ਭਰਪੂਰਤਾ ਵੀ। ਸਵੇਰੇ ਮੂੰਹ ਹਨੇਰੇ ਹੀ ਦੁਕਾਨਾਂ ਖੁਲ੍ਹ ਜਾਂਦੀਆਂ ਤੇ ਅਸੀਂ ਰਾਤ ਦੇਰ ਤਕ ਦੁਕਾਨਾਂ ਖੁਲ੍ਹੀਆਂ ਹੀ ਵੇਖਦੇ।

ਦਸਿਆ ਗਿਆ ਕਿ ਸਿਆਮੀ ਧਨ ਨਹੀਂ ਜੋੜਦੇ, ਜੋ ਕਮਾਉਂਦੇ ਹਨ ਨਾਲ ਦੀ ਨਾਲ ਖਾ ਹੰਢਾ ਲੈਂਦੇ ਹਨ। ਏਸੇ ਕਰਕੇ ਹਰ ਕਿਸੇ ਦੇ ਤਨ ਤੇ ਸਾਫ-ਸੁਥਰੇ ਕੱਪੜੇ ਤੇ ਹਰ ਕਿਸੇ ਦੇ ਘਰ ਵਿਚ ਆਧੁਨਿਕ ਜੁਗ ਦੀਆਂ ਸਭ ਵਸਤਾਂ ਹਨ। ਸ਼ਰਾਬ ਹਰ ਕੋਈ ਪੀਂਦਾ ਹੈ। ਇਕ ਵਾਕਫ਼ਕਾਰ ਨੇ ਤੇ ਏਥੋਂ ਤਕ ਗੱਲ ਕਰ ਦਿਤੀ ਕਿ ਜਿਸ ਦਿਨ ਰਾਤ ਨੂੰ ਸਿਆਮੀ ਲੋਕ ਸ਼ਰਾਬ ਨਹੀਂ ਪੀਣਗੇ, ਉਸ ਤੋਂ ਅਗਲੇ ਦਿਨ ਗੈਰ-ਸਿਆਮੀ ਸਿਆਮ ਵਿਚ ਨਹੀਂ ਦਿਸਣਗੇ।

ਗੱਲ ਬੜੀ ਰਹੱਸਮਈ ਸੀ, ਪਰ ਲਗਦਾ ਸੀ ਜਿਵੇਂ ਜ਼ਿੰਦਗੀ ਦੀ ਠੋਸ ਹਕੀਕਤ ਹੋਵੇ।

ਸਿਆਮ ਦਾ ਸਾਰਾ ਕਾਰੋਬਾਰ—ਕੀ ਨਿੱਕਾ ਤੇ ਕੀ ਵੱਡਾ—ਉਸ ਉਪਰ ਮੋਟੇ ਤੌਰ ਤੇ ਚੀਨੀਆਂ ਦਾ ਕਬਜ਼ਾ ਹੈ। ਸਿਆਮੀ ਲੋਕ ਜਾਂ ਤੇ ਦਫਤਰਾਂ ਵਿਚ ਹਨ ਜਾਂ ਖੇਤਾਂ ਵਿਚ। ਵਪਾਰ ਵਿਚ ਚੀਨੀ ਪਰਮੁਖ ਹਨ ਤੇ ਉਸ ਤੋਂ ਬਾਅਦ ਦੂਜੇ ਏਸ਼ੀਆਈ—ਖਾਸ ਕਰਕੇ ਹਿੰਦੁਸਤਾਨੀ ਪਰ ਹਿੰਦੁਸਤਾਨੀ ਜਾਂ ਪੰਜਾਬੀ ਤਾਂ ਚੀਨੀਆਂ ਦੇ ਮੂੰਹ



Sri Satguru Jagjit Singh Ji eLibrary   NamdhariElibrary@gmail.com

ਵਿਚ ਆਟੇ 'ਚ ਲੂਣ ਦੇ ਬਰਾਬਰ ਹੀ ਹਨ। ਸਿਆਮੀ ਲੋਕਾਂ ਦਾ ਸਾਰਾ ਜੀਵਨ ਆਧਾਰ ਸਿਆਮ ਦੇ ਖੇਤਾਂ ਵਿਚ ਉਪਜਦੇ ਚਾਵਲ ਹਨ। ਸਿਆਮ ਦੇਸ ਬਾਹਰ ਚੌਲ ਭੇਜਣ ਵਾਲੇ ਦੇਸ਼ਾਂ ਵਿਚੋਂ ਦੂਜੇ ਨੰਬਰ ਦਾ ਦੇਸ ਹੈ ਹਰ ਸਾਲ ਲਗ ਭਗ ੨੦ ਲੱਖ ਟਨ ਚਾਵਲ ਬਾਹਰ ਜਾਂਦਾ ਹੈ। ਸਿਆਮੀ ਲੋਕਾਂ ਦੀ ਆਮਦਨ ਦੇ ਦੂਜੇ ਵਸੀਲਿਆਂ ਵਿਚੋਂ ਉਥੋਂ ਦੀ ਰਬੜ ਦੇ ਬਾਗ, ਸਾਗਵਾਨ ਦੀ ਲਕੜ ਤੇ ਮੈਂਗਨੀਜ਼, ਰਾਂਗਾ, ਟੀਨ ਆਦਿ ਧਾਤਾਂ ਹਨ। ਸਿਆਮ ਵਿਚ ਸੋਨੇ ਦੀਆਂ ਖਾਣਾਂ ਵੀ ਹਨ। ਸਿਆਮ ਦੀ ਅੱਠ ਏਕੜ ਜ਼ਮੀਨ ਵਿਚ ਰਬੜ ਦੇ ਬਾਗ ਹਨ, ਜਿਨ੍ਹਾਂ ਤੋਂ ਹਰ ਸਾਲ ਇਕ ਲੱਖ ਪੰਜਾਸੀ ਹਜ਼ਾਰ ਟਨ ਕਚੀ ਰਬੜ ਨਿਕਲਦੀ ਹੈ।

ਬੈਂਕੌਕ ਨੂੰ ਵੇਖਿਆ ਸਿਆਮ ਆਧੁਨਿਕ ਜੁਗ ਦਾ ਸਨਅਤੀ ਦੇਸ ਜਾਪਦਾ ਹੈ ਪਰ ਅਸਲ ਵਿਚ ਉਹ ਇਕ ਖੇਤੀ ਪਰਧਾਨ ਦੇਸ ਹੈ। ਖੇਤੀ ਪਰਧਾਨ ਦੇਸ ਹੋਣ ਕਰਕੇ ਸਿਆਮ ਨੂੰ ਆਰਥਕ ਤੌਰ ਤੇ ਬਹੁਤ ਪਛੜਿਆ ਹੋਇਆ ਹੋਣਾ ਚਾਹੀਦਾ ਹੈ, ਪਰ ਸਿਆਮ ਦੀ ਔਸਤ ਵਿਅਕਤੀ ਦੀ ਆਮਦਨ ਏਸ਼ੀਆ ਦੇ ਕਿਸੇ ਵੀ ਦੇਸ ਦੇ ਔਸਤ ਵਿਅਕਤੀ ਨਾਲੋਂ ਜ਼ਿਆਦਾ ਹੈ। ਸਿਆਮ ਦਾ ਰਾਜਧਰਮ ਬੋਧ ਧਰਮ ਹੋਣ ਕਰਕੇ ਸਿਆਮੀ ਸਮਾਜ ਵਿਚ ਵਧ ਤੋਂ ਵਧ ਅਹਿੰਸਾ ਤੇ ਜੀਵਨ ਦੇ ਪ੍ਰਤੀ ਧਾਰਮਕ ਉਦਾਸੀਨਤਾ ਹੋਣੀ ਚਾਹੀਦੀ ਸੀ ਪਰ ਸਿਆਮ ਦੇ ਔਸਤ ਆਦਮੀ ਦੇ ਜੀਵਨ ਵਿਚ ਨਾ ਖੜੌਤ ਹੈ ਨਾ ਧਾਰਮਕ ਉਦਾਸੀਨਤਾ ਏ ਇੰਜ ਜ਼ਰੂਰ ਸੋਚਿਆ ਜਾ ਸਕਦਾ ਹੈ ਕਿ ਸਿਆਮੀਆਂ ਨੇ ਭਗਵਾਨ ਬੁੱਧ ਦੇ ਇਸ ਤੱਤ ਨੂੰ ਹਿਰਦੇ ਵਿਚ ਵਸਾ ਲਿਆ ਹੈ ਕਿ ਮਨੁੱਖ ਹੀ ਆਪਣਾ ਹਰਤਾ ਕਰਤਾ ਹੈ, ਅਮਲ ਹੀ ਉਸ ਦੇ ਜੀਵਨ ਨੂੰ ਸੁਖ-ਦੁਖ ਵਿਚ ਬਦਲਦੇ ਹਨ। ਸਿਆਮੀ ਲੋਕ ਮਾਇਆ ਦੇ ਬੰਧਨ ਵਿਚ ਨਹੀਂ ਬੱਝੇ—ਸਗੋਂ ਮਾਇਆ ਨੂੰ ਭੋਗਦੇ ਹਨ।

ਸਿਆਮੀਆਂ ਨੇ ਬੁੱਧ ਮਤ ਨੂੰ ਆਪਣੇ ਹਿਸਾਬ ਨਾਲ ਢਾਲ ਲਿਆ ਹੈ। ਬੁੱਧ ਦੀ ਅਹਿੰਸਾ ਨੂੰ ਉਨ੍ਹਾਂ ਨੇ ਨਹੀਂ ਲਿਆ ਜੋ ਕਿ ਬੁੱਧ ਮਤ ਦਾ ਮੂਲ ਆਧਾਰ ਸੀ—ਸਿਆਮੀ ਪੂਰਨ ਰੂਪ ਵਿਚ ਮਾਸਖੋਰ ਹਨ। ਭਗਵਾਨ ਬੁੱਧ ਨੇ ਈਸ਼ਵਰ ਦੀ ਹੋਂਦ ਤੋਂ ਇਨਕਾਰ ਕੀਤਾ ਸੀ—ਪਰ ਸਿਆਮੀ ਲੋਕ ਬੁੱਧ ਨੂੰ ਹੀ ਈਸ਼ਵਰ ਦਾ ਸਾਖਸ਼ਾਤ ਅਵਤਾਰ ਮੰਨ ਕੇ ਉਸ ਦੀਆਂ ਮੂਰਤੀਆਂ ਦੀ ਥਾਂ ਥਾਂ ਉਤੇ ਸਥਾਪਨਾ ਕਰਕੇ ਉਸ ਦੀ ਪੂਜਾ ਸ਼ੁਰੂ ਕਰ ਦਿਤੀ ਤੇ ਉਸੇ ਕੋਲੋਂ ਉਹ ਜੀਵਨ ਦੇ ਸਭੇ ਸੁਖ ਮੰਗਦੇ ਹਨ। ਜੇ ਬੁੱਧ ਮਤ ਆਪਣੇ ਅਸਲ ਰੂਪ ਜਾਂ ਹੀਣ ਯਾਨ ਰੂਪ ਵਿਚ ਸਿਆਮ ਪਹੁੰਚਦਾ ਤਾਂ ਇਹ ਸ਼ਾਇਦ ਉਸ ਨੂੰ ਪਰਵਾਨ ਨਾ ਕਰ ਸਕਦਾ—ਪਰ ਬੁੱਧ ਮਤ ਹੀਣਯਾਣ ਰੂਪ ਵਿਚ ਵੀ ਪਹੁੰਚਾ ਅਤੇ ਮਹਾ ਯਾਨ ਰੂਪ ਵਿਚ ਵੀ। ਏਹੋ ਹੀ ਕਾਰਨ ਹੈ ਕਿ ਸਿਆਮ ਵਿਚ ਬੁੱਧ ਮਤ ਤੋਂ ਪਹਿਲਾਂ ਦਾ ਸਨਾਤਨ ਹਿੰਦੂ ਧਰਮ ਵੀ ਪਰਵਾਨਤ ਰਿਹਾ ਹੈ, ਵਿਸ਼ਨੂੰ ਵੀ ਕਾਇਮ ਰਹੇ ਸ਼ਿਵ ਜੀ ਵੀ ਅਤੇ ਗਣੇਸ਼ ਵੀ। ਸਿਆਮੀ ਬੁੱਧ ਮਤ ਨੇ ਬੁੱਧ ਨੂੰ ਹੀ ਪਰਵਾਨ ਕੀਤਾ ਹੈ ਤੇ ਨਾਲ ਨਾਲ ਹਿੰਸਾ ਨੂੰ। ਬੁੱਧ ਦੇ ਰੂਪ ਵਿਚ ਈਸ਼ਵਰ ਨੂੰ ਵੀ।

ਸਿਆਮ-ਆਸਤਕਤਾ ਤੇ ਨਾਸਤਕਤਾ ਦਾ, ਹਿੰਦੂ ਤੇ ਬੁੱਧ ਦਾ, ਭਾਰਤੀ ਤੇ ਚੀਨੀ ਸੰਸਕ੍ਰਿਤੀ ਦੇ ਪ੍ਰਭਾਵ ਦਾ ਆਧੁਨਿਕ ਤੇ ਪੁਰਾਤਨ ਸੋਚਣੀ ਦੇ ਸੁਮੇਲ ਵਾਲਾ ਅਜਿਹੇ ਸਾਦੇ ਲੋਕਾਂ ਦਾ ਦੇਸ ਹੈ, ਜਿਹੜੇ ਸਹਿਜ ਹਨ, ਸਰਲ ਹਨ ਤੇ ਵਿਸ਼ਵਾਸ ਕਰਨ ਵਾਲੇ ਹਨ। ਸਿਆਮੀ ਅਕਸਰ ਉਧਾਰ ਉਪਰ ਜਿਊਂਦੇ ਹਨ। ਜੋ ਕਮਾਉਂਦੇ ਹਨ ਉਹ ਕਿਸ਼ਤਾਂ ਉਨ੍ਹਾਂ ਚੀਜ਼ਾਂ ਦੇ ਇਵਜ਼ ਵਿਚ ਦੇਂਦੇ ਰਹਿੰਦੇ ਹਨ, ਜਿਹੜੀਆਂ ਚੀਜ਼ਾਂ 'ਡਿੰਗ ਡੋਂਗ' ਵਾਲੇ ਉਨ੍ਹਾਂ ਦੇ ਮੁਹੱਲਿਆਂ ਤੇ ਪਿੰਡਾਂ ਵਿਚ ਜਾ ਕੇ ਵੇਚ ਆਉਂਦੇ ਹਨ। ਡਿੰਗ ਡੋਂਗ ਉਥੇ ਬਹੁਤ ਹੀ ਲਾਹੇ ਦਾ ਸੌਦਾ ਹੈ। ਦਸ ਰੁਪਏ ਦੀ ਚੀਜ਼ ਜੇ ਦਾਅ ਲਗੇ ਤਾਂ ਵਪਾਰੀ ਉਨ੍ਹਾਂ ਨੂੰ ਪੰਜਾਹ ਰੁਪਿਆਂ ਵਿਚ ਮੜ੍ਹ ਆਉਣਗੇ ਕਿਸ਼ਤਾਂ ਵਿਚ। ਕਿਸ਼ਤ ਰੋਜ਼ਾਨਾ ਵੀ ਹੋ ਸਕਦੀ ਹੈ, ਹਫਤਾਵਾਰੀ ਵੀ ਅਤੇ ਮਾਹਵਾਰੀ ਵੀ। ਇੰਜ ਸਿਆਮ ਵਿਚ ਆਇਆ ਬਾਹਰ ਦਾ ਕੋਈ ਵੀ ਕਾਰੋਬਾਰੀ ਦਿਨਾਂ ਮਹੀਨਿਆਂ ਵਿਚ ਹੀ ਤਗੜਾ ਧਨਪਤੀ ਬਣ ਜਾਂਦਾ ਹੈ।

ਦਖਣੀ ਸਿਆਮ ਦੀ ਮੋਨ-ਖਮੇਰ ਨਾਮ ਦੀ ਆਸਟਰੋ-ਸੈਮੇਟਿਕ ਜਾਤੀ ਅਤੇ ਉੱਤਰੀ ਸਿਆਮ ਵਿਚ ਆਏ ਜਾਤੀ ਦੇ ਸੁਮੇਲ ਤੋਂ ਬਣੀ ਸਿਆਮੀ ਕੌਮ ਦੇ ਲੋਕ ਰੂਪ ਵਲੋਂ ਵੀ ਦੋਹਰਾ ਪ੍ਰਭਾਵ ਛਡਦੇ ਹਨ। ਦੱਖਣੀ ਇਲਾਕਿਆਂ ਦੇ ਲੋਕਾਂ ਦੇ ਚਿਹਰੇ ਮੋਹਰੇ ਤੋਂ ਭਾਰਤ ਦੇ ਬੰਗਾਲੀਆਂ ਤੇ 'ਕੋਲ' ਜਾਤੀ ਨਾਲ ਰਲਦਾ ਮਿਲਦਾ ਹੈ ਅਤੇ ਉਤਰੀ ਸਿਆਮ ਦੇ ਲੋਕਾਂ ਦਾ ਚਿਹਰਾ ਮੋਹਰਾ ਚੀਨੀਆਂ ਨਾਲ। ਦੱਖਣੀ ਸਿਆਮ ਦੇ ਲੋਕਾਂ ਦਾ ਰੰਗ ਢਿਲਾ ਹੈ ਅਤੇ ਉੱਤਰੀ ਸਿਆਮ ਦੇ ਲੋਕਾਂ ਦਾ ਰੰਗ ਸਾਫ ਨੱਕ ਚਪਟਾ ਅੱਖਾਂ ਨਿੱਕੀਆਂ ਤੇ ਜਬਾੜੇ ਉਭਰੇ ਹੋਏ।

(ਚਲਦਾ)



Sri Satguru Jagjit Singh Ji eLibrary NamdhariElibrary@gmail.com



# ਜੀਵਨ ਵੇਰਵਾ ਸ. ਨਾਨਕ ਸਿੰਘ

ਜਨਮ : ੪ ਜੁਲਾਈ, ੧੮੯੭ ਪਿੰਡ ਚੱਕ ਹਮੀਦ, ਤਹਿਸੀਲ ਦਾਦਨ ਖ਼ਾਂ, ਜ਼ਿਲ੍ਹਾ ਜਿਹਲਮ

ਪਿਤਾ ਦਾ ਨਾਂ : ਬਹਾਦਰ ਚੰਦ ਸੂਰੀ,

ਮਾਤਾ ਦਾ ਨਾਂ : ਲਛਮੀ

ਬਚਪਨ ਦਾ ਨਾਂ : ਹੰਸ ਰਾਜ, ਛੋਟੇ ਭੈਣ-ਭਰਾ : ਮੰਗਲ ਸੈਨ, ਬੋਧ ਰਾਜ, ਵੀਰਾਂ ਵਾਲੀ।

੧੯੦੫ ਨੂੰ ਪਰਿਵਾਰ ਪਿਸ਼ਾਵਰ ਚਲਾ ਗਿਆ, ਜਿਥੇ ਪਿਤਾ ਆੜ੍ਹਤ ਦਾ ਕੰਮ ਕਰਦੇ ਸਨ। ਕੁਝ ਚਿਰ ਬਾਦ ਪਿਤਾ ਦੀ ਮੌਤ ਹੋ ਗਈ...ਚਾਚੇ ਤਾਏ ਨੇ ਕਾਰੋਬਾਰ ਤੇ ਕਬਜ਼ਾ ਕਰ ਲਿਆ... ਪਰਿਵਾਰ ਰੁਲਣ ਲਗਾ...ਮਾਂ ਕਿਸੇ ਦਰਿੰਦੇ ਦੀ ਹਵਸ ਤੋਂ ਬਚਦੀ ਹੋਈ ਕੋਠੇ ਤੋਂ ਡਿਗ ਪਈ ਤੇ ਅਪਾਹਜ ਹੋ ਗਈ. ਹੰਸ ਰਾਜ ਨੇ ਦਿਨ-ਰਾਤ ਮਾਂ ਦੀ ਸੇਵਾ ਕੀਤੀ ਤੇ ਛੋਟੇ ਭੈਣ-ਭਰਾਵਾਂ ਦੀ ਪਾਲਣਾ ਵੀ ਕੀਤੀ. ਗੁਆਂਢ ਇਕ ਬਾਲ-ਵਿਧਵਾ ਕੁੜੀ ਸਵਿੱਤਰੀ ਰਹਿੰਦੀ ਸੀ, ਹੰਸ ਉਸ ਨਾਲ ਖੇਡਦਾ ਤੇ ਉਸ ਨੂੰ ਸੰਗੀਤ ਸਿਖਾਂਦਾ। ਸਵਿੱਤਰੀ ਤਪਦਿਕ ਦੀ ਮਰੀਜ਼ ਹੋਣ ਕਰਕੇ ਚੱਲ ਵਸੀ...ਹੰਸ ਰਾਜ ਨੂੰ ਬੜਾ ਸਦਮਾ ਪਹੁੰਚਿਆ...ਫਿਰ ਮਾਂ ਦੀ ਵੀ ਮੌਤ ਹੋ ਗਈ...ਮਨ ਬੜਾ ਉਪਰਾਮ ਹੋ ਗਿਆ।

੧੯੦੯ ਵਿਚ "ਸੀਹਰਫ਼ੀ ਹੰਸ ਰਾਜ" (ਅੱਠ ਸਫ਼ਿਆਂ ਦੀ ਕਵਿਤਾ) ਲਿਖੀ।

੧੯੧੫ ਵਿਚ ਹੰਸ ਰਾਜ ਤੋਂ 'ਨਾਨਕ ਸਿੰਘ' ਬਣ ਗਿਆ (ਗਿ. ਬਾਗ ਸਿੰਘ ਦੀ ਪ੍ਰੇਰਨਾ ਸਦਕਾ)।

੧੯੧੮ ਵਿਚ "ਸਤਿਗੁਰ ਮਹਿਮਾ" ਗੁਟਕਾ ਛਾਪਿਆ, ਜੋ ਹੌਲੀ ਹੌਲੀ ਲੱਖਾਂ ਦੀ ਗਿਣਤੀ ਵਿਚ ਛਪਿਆ।

੧੯੧੯ ਵਿਚ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ "ਖ਼ੂਨੀ ਵਿਸਾਖੀ" ਲਿਖਿਆ।

੧੯੨੦ ਵਿਚ ਅੰਮ੍ਰਿਤਸਰ ਭਾਈ ਕਿਰਪਾਲ ਸਿੰਘ ਹਜ਼ੂਰੀਆ ਕਿਤਾਬਾਂ ਵਾਲੇ ਨਾਲ ਭਾਈਵਾਲੀ ਕੀਤੀ...ਦੁਕਾਨ ਦਾ ਨਾਂ "ਨਾਨਕ ਸਿੰਘ ਕਿਰਪਾਲ ਸਿੰਘ" ਰੱਖਿਆ...



Sri Satguru Jagjit Singh Ji eLibrary NamdhariElibrary@gmail.com

ਪਰ ਮਨ ਅਜੇ ਵੀ ਉਚਾਟ ਸੀ...੬ ਮਹੀਨੇ ਰਿਸ਼ੀਕੇਸ਼ ਤੇ ੬ ਮਹੀਨੇ ਏਧਰ-ਉਧਰ ਭਟਕਦਿਆਂ ਬਿਤਾਏ।

**੧੯੨੨** ਵਿਚ 'ਗੁਰੂ ਕੇ ਬਾਗ਼ ਦੇ ਮੋਰਚੇ' ਦੇ ਸੰਬੰਧ ਵਿਚ **੧੦** ਮਹੀਨੇ ਜੇਲ੍ਹ ਕੱਟੀ . ਜੇਲ੍ਹ ਵਿਚ ਹੀ ਕਿਸੇ ਕੈਦੀ ਕੋਲੋਂ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹਨ ਦਾ ਮੌਕਾ ਮਿਲਿਆ...ਇਸੇ ਤੋਂ ਪ੍ਰੇਰਨਾ ਲੈ ਕੇ ਜੇਲ੍ਹ ਵਿਚ ਹੀ ਨਾਵਲ "ਅੱਧਖਿੜੀ ਕਲੀ" ਲਿਖਿਆ, ਜੋ ਜੇਲ੍ਹ ਕਰਮਚਾਰੀਆਂ ਨੇ ਆਪਣੇ ਕਬਜ਼ੇ 'ਚ ਕਰ ਲਿਆ।

੧੯੨੩ ਵਿਚ ਬਚਪਨ ਦੇ ਦੋਸਤ ਰਾਮ ਸਿੰਘ ਨਾਲ ਰਲ ਕੇ 'ਪੰਜਾਬ ਖ਼ਾਲਸਾ ਪ੍ਰੈੱਸ' ਖੋਲ੍ਹੀ...ਪਰ ਇਕ ਸਾਲ ਬਾਅਦ ਬੰਦ ਕਰ ਦਿਤੀ।

**੧੯੨੪** ਵਿਚ ਨਿੱਕਾ ਸਿੰਘ ਖੱਤਰੀ ਤੇ ਦੁਰਗਾ ਦੇਵੀ ਦੀ ਸਪੁੱਤਰੀ ਰਾਜ ਕੌਰ ਨਾਲ ਵਿਆਹ ਹੋਇਆ।

ਪਰਿਵਾਰ : ਡਾ. ਕਰਤਾਰ ਸਿੰਘ ਸੂਰੀ, ਕੁਲਦੀਪ ਸਿੰਘ ਸੂਰੀ, ਕੁਲਵੰਤ ਸਿੰਘ ਸੂਰੀ, ਕੰਵਲਜੀਤ ਸਿੰਘ ਸੂਰੀ, ਕੁਲਬੀਰ ਸਿੰਘ ਸੂਰੀ—ਪੁੱਤਰ। (ਪੰਜਾਂ ਪੁੱਤਰਾਂ ਦੇ ਨਾਂ ਗੁਰੂ ਗਰੰਥ ਸਾਹਿਬ ਵਿਚੋਂ ਕਢਾਏ ਗਏ 'ਕ' ਅੱਖਰ ਤੇ ਅਧਾਰਿਤ ਹਨ)

ਪੁਸ਼ਪਿੰਦਰ ਕੌਰ—ਧੀ। (ਪਰਿਵਾਰ ਸਹਿਤ ਰੇਲ ਕੋਚ ਫੈਕਟਰੀ ਕਪੂਰਥਲਾ ਰਹਿ ਰਹੀ ਹੈ)।

੧੯੩੩ 'ਪ੍ਰੀਤਲੜੀ' ਦੇ ਪ੍ਰੀਤ ਸੈਨਿਕ ਬਣਕੇ ਪ੍ਰੀਤ ਨਗਰ ਗਏ।

੧੯੪੫ ਵਾਪਸ ਅੰਮ੍ਰਿਤਸਰ।

**੧੯੫੦** ਤੋਂ ੧੯੫੬ ਤਕ 'ਲੋਕ ਸਾਹਿਤ' ਮਾਸਕ ਪੱਤਰ ਕੱਢਿਆ।

**੧੯੫੯** ਮੁੜ ਪ੍ਰੀਤ ਨਗਰ ਚਲੇ ਗਏ।

੨੮ ਦਸੰਬਰ ੧੯੭੧ ਨੂੰ ਪ੍ਰੀਤ ਨਗਰ (ਅੰਮ੍ਰਿਤਸਰ) ਵਿਖੇ ਦੇਹਾਂਤ।

## ਨਾਨਕ ਸਿੰਘ ਸਾਹਿਤ

ਨਾਵਲ : ੧. ਮਤਰੇਈ ਮਾਂ, ੨. ਕਾਲ ਚੱਕਰ, ੩. ਮਿੱਠਾ ਮਹੁਰਾ, ੪. ਪ੍ਰੇਮ ਸੰਗੀਤ, ੫. ਚਿੱਟਾ ਲਹੂ, ਟੀ. ਵੀ. ਤੇ ਲੜੀਵਾਰ) ਇਹ ਨਾਵਲ ਰੂਸੀ ਭਾਸ਼ਾ ਵਿਚ ਵੀ ਛਪਿਆ) ੬. ਅਧ ਖਿੜਿਆ ਫੁਲ, ੭. ਫੌਲਾਦੀ ਫੁਲ, ੮. ਕਾਗਤਾਂ ਦੀ ਬੇੜੀ, ੯. ਧੁੰਦਲੇ ਪ੍ਰਛਾਵੇਂ, ੧੦. ਪਿਆਰ ਦੀ ਦੁਨੀਆ, ੧੧. ਗਰੀਬ ਦੀ ਦੁਨੀਆ, ੧੨. ਦੂਰ ਕਿਨਾਰਾ, ੧੩. ਪਵਿੱਤਰ ਪਾਪੀ—(ਫ਼ਿਲਮ ਬਣੀ), ੧੪. ਟੁਟੀ ਵੀਣਾ, ੧੫. ਗੰਗਾਜਲੀ ਵਿਚ ਸ਼ਰਾਬ, ੧੬. ਸੁਮਨ ਕਾਂਤਾ, ੧੭. ਸੰਗਮ, ੧੮. ਬੰਜਰ, ੧੯. ਲਵ ਮੈਰਿਜ, ੨੦. ਜੀਵਨ ਸੰਗਰਾਮ, ੨੧. ਖ਼ੂਨ ਦੇ ਸੋਹਲੇ, ੨੨. ਅੱਗ ਦੀ ਖੇਡ, ੨੩. ਚਿੱਤਰਕਾਰ, ੨੪. ਮੰਝਧਾਰ, ੨੫. ਨਾਸੂਰ, ੨੬. ਕੱਟੀ ਹੋਈ ਪਤੰਗ, ੨੭. ਪੁਜਾਰੀ, ੨੮. ਛਲਾਵਾ, ੨੯. ਆਸਤਕ ਨਾਸਤਕ ੩੦. ਆਦਮ ਖੋਰ, ੩੧. ਵਰ ਨਹੀਂ ਸਰਾਪ, ੩੨. ਅਣਸੀਤੇ ਜ਼ਖਮ, ੩੩. ਪੱਥਰ ਦੇ ਖੰਭ, ੩੪. ਕੋਈ ਹਰਿਆ ਬੂਟ ਰਹਿਓ ਰੀ ? ੩੫. ਸਰਾਪੀਆਂ ਰੂਹਾਂ, ੩੬. ਇਕ ਮਿਆਨ ਦੋ ਤਲਵਾਰਾਂ (ਸਾਹਿਤ ਅਕੈਡਮੀ ਐਵਾਰਡ) ੩੭. ਗਗਨ ਦਮਾਮਾ ਬਾਜਿਆ।

**ਕਹਾਣੀ-ਸੰਗ੍ਰਹਿ :**

ਹੰਝੂਆਂ ਦੇ ਹਾਰ, ਸਧਰਾਂ ਦੇ ਹਾਰ, ਮਿੱਧੇ ਹੋਏ ਫੁਲ, ਠੰਡੀਆਂ ਛਾਵਾਂ, ਸਵਰਗ ਤੇ ਉਸਦੇ ਵਾਰਸ, ਸੁਪਨਿਆਂ ਦੀ ਕਬਰ, ਸੁਨਹਿਰੀ ਜਿਲਦ।

**ਨਾਟਕ :**

ਬੀ. ਏ. ਪਾਸ, ਚੌੜ ਚਾਨਣ, ਪਾਪ ਦਾ ਫਲ, ਧੋਬੀ ਦਾ ਕੁੱਤਾ।

**ਅਨੁਵਾਦ :**

ਪਾਪ ਦੀ ਖੱਟੀ, ਸੂਲਾਂ ਦੀ ਸੇਜ, ਫਰਾਂਸ ਦਾ ਡਾਕੂ, ਪਤਝੜ ਦੇ ਪੰਛੀ, ਪ੍ਰਾਸ਼ਚਿਤ, ਪੱਥਰ ਕਾਂਬਾ, ਰਜਨੀ, ਤਸਵੀਰ ਦੇ ਦੋਵੇਂ ਪਾਸੇ, ਸੁਹਾਗਰਾਤ।

**ਕਾਵਿ-ਸੰਗ੍ਰਹਿ :**

ਸੀਹਰਫ਼ੀ ਹੰਸਰਾਜ, ਸੰਗੀਤ ਪੁਸ਼ਪ, ਸਤਿਗੁਰ ਮਹਿਮਾ, ਗੁਰ ਕੀਰਤ, ਬੀ. ਟੀ. ਦੀਆਂ ਡਾਂਗਾਂ, ਖੂਨੀ ਵਿਸਾਖੀ, ਜ਼ਖਮੀ ਦਿਲ, ਸਾਕਾ ਨਨਕਾਣਾ ਸਾਹਿਬ, ਸਾਕਾ ਪੰਜਾ ਸਾਹਿਬ, ਸਾਕਾ ਤਰਨ ਤਾਰਨ।

**ਹੋਰ :**

ਮੇਰੀ ਦੁਨੀਆ (ਸ੍ਵੈ-ਜੀਵਨੀ) ਰਸੋਈ ਸਿਖਿਆ ਚੜ੍ਹਦੀ-ਕਲਾ (ਲੇਖ)।

—ਕੰਵਲਜੀਤ ਸਿੰਘ ਸੂਰੀ



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਸੁਨਹਿਰੀ ਜਿਲਦ

—ਨਾਨਕ ਸਿੰਘ

"ਕਿਉਂ ਜੀ, ਤੁਸੀਂ ਸੁਨਹਿਰੀ ਜਿਲਦਾਂ ਵੀ ਬੰਨ੍ਹਦੇ ਹੁੰਦੇ ਓ ?"

ਖ਼ੈਰਦੀਨ ਦਫ਼ਤਰੀ, ਜੋ ਜਿਲਦਾਂ ਨੂੰ ਪੁਸ਼ਤੇ ਲਾ ਰਿਹਾ ਸੀ, ਗਾਹਕ ਦੀ ਗੱਲ ਸੁਣ ਕੇ ਬੋਲਿਆ—

"ਆਹੋ ਜੀ, ਜਿਹੋ ਜਿਹੀ ਕਹੋ।"

ਗਾਹਕ ਇਕ ਅੱਧਖੜ ਉਮਰ ਦਾ ਸਿੱਖ ਸੀ। ਹੱਟੀ ਦੇ ਫੱਟੇ ਤੇ ਬੈਠ ਕੇ ਉਹ ਕਿਤਾਬ ਉਤਲੇ ਰੁਮਾਲਾਂ ਨੂੰ ਬੜੇ ਅਦਬ ਤੇ ਕੋਮਲਤਾ ਨਾਲ ਖੋਲ੍ਹਣ ਲਗ ਪਿਆ। ਪੰਜ ਛੇ ਰੁਮਾਲ ਉਤਾਰਨ ਤੋਂ ਬਾਦ ਉਸ ਨੇ ਵਿਚੋਂ ਇਕ ਕਿਤਾਬ ਕੱਢੀ। ਦਫ਼ਤਰੀ ਦੀ ਹੱਟੀ ਵਿਚ ਜਿੰਨੇ ਕਾਰੀਗਰ ਕੰਮ ਕਰ ਰਹੇ ਸਨ, ਸਾਰੇ ਹੀ ਕਿਤਾਬ ਵਲ ਤੱਕ ਕੇ ਮੂੰਹ ਨੀਵਾਂ ਪਾ ਹੱਸਣ ਲਗ ਪਏ। ਇਕ ਨੇ ਤਾਂ ਪੋਲੇ ਜੇਹੇ ਮੂੰਹ ਨਾਲ ਆਖ ਹੀ ਦਿਤਾ—"ਕੱਖਾਂ ਦੀ ਕੁੱਲੀ ਤੇ ਹਾਥੀ ਦੰਦ ਦਾ ਪਰਨਾਲਾ।"

ਕਿਤਾਬ ਸਾਰੀ ਵਰਕਾ ਵਰਕਾ ਹੋਈ ਹੋਈ ਸੀ। ਉਸਦੇ ਧੂੰਏਂ-ਰੰਗੇ ਸਫੇ, ਹੱਥ ਲਾਇਆਂ ਭੁਰਦੇ ਜਾਂਦੇ ਸਨ। ਜਿਲਦ ਦੀ ਥਾਂ ਉਸ ਦੇ ਦੋਹੀਂ ਪਾਸੀਂ ਦੋ ਮੋਟੇ ਮੋਟੇ ਤੇ ਡਾਢੇ ਮੈਲੇ ਗੱਤੇ ਸਨ ਜਿਨ੍ਹਾਂ ਦੀਆਂ ਨੁੱਕਰਾਂ ਮੁੜੀਆਂ ਸਨ। ਇਉਂ ਜਾਪਦਾ ਸੀ ਕਿ ਕਦੇ ਇਹ ਚਮੜੇ ਦੀ ਜਿਲਦ ਦੇ ਰੂਪ ਵਿਚ ਰਹਿ ਚੁਕੇ ਹਨ।

ਕਿਤਾਬ ਦਫ਼ਤਰੀ ਨੇ ਹੱਥ ਵਿਚ ਫੜੀ ਤੇ ਉਥੱਲ-ਪੁਥੱਲ ਕੇ ਵੇਖੀ। ਵੇਖਦਿਆਂ ਹੀ ਬਿਟਰ ਬਿਟਰ ਗਾਹਕ ਦੇ ਮੂੰਹ ਵਲ ਤੱਕਣ ਲਗ ਪਿਆ। ਇਹ ਹੱਥਾਂ ਦਾ ਲਿਖਿਆ ਹੋਇਆ ਕੁਰਾਨ ਸ਼ਰੀਫ਼ ਸੀ।

ਦਫ਼ਤਰੀ ਨੇ ਕਿਹਾ—"ਬਣ ਜਾਏਗੀ ਸਰਦਾਰ ਜੀ।"

ਫਿਰ ਸੰਕੋਚਵੇਂ ਭਾਵ ਨਾਲ ਪੁਛਣ ਲੱਗਾ—"ਸਰਦਾਰ ਜੀ! ਕੁਰਾਨ ਸ਼ਰੀਫ਼ ਤੁਹਾਡਾ ਆਪਣਾ ਏ ? ਲਿਖਾਈ ਤੇ ਬੜੀ ਕਮਾਲ ਦੀ ਏ!"

"ਨਹੀਂ ਇਹ ਮੇਰੀ ਲੜਕੀ ਦਾ ਏ।"

"ਹੱਛਾ! ਚੀਜ਼ ਤੇ ਸਰਦਾਰ ਜੀ ਬੜੀ ਚੰਗੀ ਏ, ਪਰ ਵਰਕੇ ਬੜੇ ਖ਼ਸਤਾ ਹੋ ਗਏ ਨੇ। ਇਸ ਨਾਲੋਂ ਜੇ ਕਦੇ ਛਾਪੇ ਦਾ ਲੈ ਕੇ ਜਿਲਦ ਬਣਵਾਂਦੇ ਤਾਂ ਚੰਗਾ ਸੀ।"

"ਤੁਸੀਂ ਠੀਕ ਕਹਿੰਦੇ ਹੋ, ਪਰ ਕੁੜੀ ਦੀ ਇਸ ਨਾਲ ਬੜੀ ਮੁਹੱਬਤ ਏ, ਇਹ ਉਸ ਦੇ ਪਿਓ ਦੀ ਨਿਸ਼ਾਨੀ ਏ।"

ਦਫਤਰੀ ਨੂੰ ਹੈਰਾਨੀ ਦੇ ਨਾਲ ਹੀ ਕੁਝ ਕੁਝ ਸ਼ੱਕ ਵੀ ਹੋਣ ਲਗਾ, "ਮੇਰੀ ਲੜਕੀ" ਤੇ ਫਿਰ "ਉਸ ਦੇ ਪਿਓ ਦੀ ਨਿਸ਼ਾਨੀ" ਗੱਲ ਉਸ ਦੀ ਸਮਝ ਵਿਚ ਨਾ ਆਈ। ਉਸ ਨੇ ਫਿਰ ਪੁਛਿਆ—

"..ਤਾਂ ਤੁਹਾਡੇ ਕਿਸੇ ਰਿਸ਼ਤੇਦਾਰ ਦੀ ਬੀਬੀ ਏ ?"

"ਆਹੋ...ਨਹੀਂ ਨਹੀਂ, ਮੇਰੀ ਆਪਣੀ ਲੜਕੀ ਏ... ਹਾਂ ਦੱਸੋ, ਕਦ ਤਕ ਦਿਓਗੇ ? ਮੈਨੂੰ ਇਸ ਦੀ ਬਹੁਤ ਛੇਤੀ ਲੋੜ ਏ। ਅੱਜ ਤੋਂ ਚੌਥੇ ਦਿਨ ਲੜਕੀ ਦਾ ਵਿਆਹ ਏ ਤੇ ਮੈਂ ਉਸ ਨੂੰ ਦਾਜ ਵਿਚ ਦੇਣਾ ਏ। ਹਾਂ ਸੱਚ, ਇਕ ਕੰਮ ਹੋਰ ਕਰਨਾ, ਜਿਲਦ ਉਤੇ ਸੁਨਿਹਰੀ ਅੱਖਰਾਂ ਵਿਚ 'ਬੀਬੀ ਜ਼ੈਨਾ' ਲਿਖ ਦੇਣਾ। ਪੈਸਿਆਂ ਦਾ ਕੋਈ ਖਿਆਲ ਨਾ ਕਰਨਾ, ਜੋ ਕਹੋਗੇ ਦਿਆਂਗਾ।"

ਜਿਉਂ ਜਿਉਂ ਦਫ਼ਤਰੀ ਇਸ ਪੇਚ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦਾ ਸੀ, ਤਿਉਂ ਤਿਉਂ ਉਹ ਹੋਰ ਉਲਝਣ ਵਿਚ ਪੈਂਦਾ ਜਾਂਦਾ ਸੀ। ਇਸ ਅਨੋਖੀ ਗੱਲ ਕੱਥ ਨੇ ਉਸ ਦੇ ਹੋਰ ਸਾਥੀਆਂ ਤੋਂ ਵੀ ਆਰਾ ਮਿਸਤਰ ਛੁਡਾ ਦਿਤੇ।

ਕਰਮ ਸਿੰਘ ਨੇ ਜਦ ਵੇਖਿਆ ਕਿ ਸਾਰੇ ਜਣੇ ਹੀ ਇਹ ਹਾਲ ਸੁਣਨ ਦੇ ਚਾਹਵਾਨ ਹਨ ਤਾਂ ਉਸ ਨੇ ਉਹਨਾਂ ਨੂੰ ਇਸ ਤਰ੍ਹਾਂ ਦੱਸਣਾ ਸ਼ੁਰੂ ਕੀਤਾ—

"ਅੱਜ ਤੋਂ ਪੰਜ ਵਰ੍ਹੇ ਪਹਿਲਾਂ ਦਾ ਜ਼ਿਕਰ ਹੈ, ਜਦ ਇਸ ਸ਼ਹਿਰ ਵਿਚ ਹਿੰਦੂਆਂ ਮੁਸਲਮਾਨਾਂ ਦਾ ਬੜਾ ਭਾਰੀ ਫ਼ਸਾਦ ਹੋਇਆ ਸੀ, ਉਹਨੀਂ ਦਿਨੀਂ ਮੈਂ ਬਜ਼ਾਜੀ ਦੀ ਹੱਟੀ ਕਰਦਾ ਸਾਂ। ਘਰ ਵਿਚ ਅਸੀਂ ਦੋਵੇਂ ਜੀ ਸਾਂ—ਮੈਂ ਤੇ ਮੇਰੀ ਘਰ ਵਾਲੀ।

"ਦੁਪਹਿਰ ਵੇਲੇ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਫ਼ਸਾਦ ਦਾ ਮੁੱਢ ਉਸੇ ਮੁਹੱਲੇ ਤੋਂ ਬੱਝਾ ਜਿਸ ਵਿਚ ਮੇਰਾ ਘਰ ਸੀ, ਤੇ ਇਹ ਮੁਹੱਲਾ ਲਗਪਗ ਮੁਸਲਮਾਨਾਂ ਦਾ ਹੀ ਸੀ। ਹੱਟੀ ਬੰਦ ਕਰਕੇ ਮੈਂ ਵਾਹੋ-ਦਾਹੀ ਘਰ ਵਲ ਭੱਜਾ। ਰਾਹ ਵਿਚ ਟੋਲਿਆਂ ਦੇ ਟੋਲੇ, ਡਾਂਗਾਂ ਫੜੀ, ਦਗੜ-ਦਗੜ ਕਰਦੇ ਫਿਰਦੇ ਸਨ।

"ਮੈਂ ਘਰ ਪੁਜਾ, ਪਰ ਦਰਵਾਜ਼ੇ ਨੂੰ ਜੰਦਰਾ ਲੱਗਾ ਵੇਖ ਕੇ ਮੇਰੀ ਤਸੱਲੀ ਹੋ ਗਈ ਕਿ ਸਤਵੰਤ ਕੌਰ ਆਪਣੀ



Sri Satguru Jagjit Singh Ji eLibrary NamdhariElibrary@gmail.com

ਮਾਸੀ ਦੇ ਘਰ ਚਲੀ ਗਈ ਹੈ। ਉਸ ਦੀ ਮਾਸੀ ਦਾ ਘਰ ਖਤਰੰਮੇ ਪਾਸੇ ਸੀ।

"ਉਸ ਦੀ ਦੂਰ-ਅੰਦੇਸ਼ੀ ਨੂੰ ਦਿਲ ਵਿਚ ਸਲਾਹੁੰਦਾ ਹੋਇਆ ਮੈਂ ਆਪਣੀ ਮਸੇਰ ਦੇ ਘਰ ਵਲ ਟੁਰ ਪਿਆ।

"ਮੇਰਾ ਉਤਲਾ ਸਾਹ ਉਤੇ ਤੇ ਹੇਠਲਾ ਹੇਠਾਂ ਰਹਿ ਗਿਆ। ਜਦੋਂ ਮੈਨੂੰ ਪਤਾ ਲਗਾ ਕਿ ਸਤਵੰਤ ਕੌਰ ਇਥੇ ਨਹੀਂ ਆਈ ਮੱਥੇ ਤੇ ਹੱਥ ਮਾਰਕੇ ਮੈਂ ਉਥੇ ਹੀ ਬੈਠ ਗਿਆ।

"ਸਾਡੀ ਸਾਰੇ ਦਿਨ ਦੀ ਸਿਰ-ਤੋੜ ਢੂੰਡ-ਭਾਲ ਦਾ ਕੁਝ ਵੀ ਸਿੱਟਾ ਨਾ ਨਿਕਲਿਆ। ਕਈ ਮੁਹੱਲੇ ਫੂਕੇ ਗਏ, ਕਈ ਦੁਕਾਨਾਂ ਲੁਟੀਆਂ ਗਈਆਂ ਤੇ ਕਈਆਂ ਬੇਦੋਸ਼ਿਆਂ ਦੇ ਲਹੂ ਵਹਾਏ ਗਏ।

"ਹਫ਼ ਹੁਟ ਕੇ ਮੈਂ ਘਰ ਜਾ ਡਿੱਗਾ। ਚੰਗਾ ਹਨੇਰਾ ਪੈ ਗਿਆ ਸੀ। ਸਾਰੀ ਗਲੀ ਵਿਚ ਸੁੰਨਸਾਨ ਸੀ। ਕਿਸੇ ਕਿਸੇ ਵੇਲੇ ਪੈਦਲ ਤੇ ਸਵਾਰ ਸਿਪਾਹੀਆਂ ਦੇ ਫਿਰਨ ਦੀ ਆਵਾਜ਼ ਆਉਂਦੀ ਸੀ। ਇਸ ਵੇਲੇ ਸੇਵਾ ਸੰਮਤੀ ਦਾ ਇਕ ਵਲੰਟੀਅਰ ਮੇਰੇ ਘਰ ਆਇਆ। ਉਸ ਨੇ ਮੈਨੂੰ ਦਸਿਆ ਕਿ ਮੇਰੀ ਵਹੁਟੀ ਸਰਕਾਰੀ ਹਸਤਤਾਲ ਵਿਚ ਮੈਨੂੰ ਉਡੀਕ ਰਹੀ ਹੈ।

"ਮੈਨੂੰ ਸੁਣ ਕੇ ਖੁਸ਼ੀ ਹੋਈ, ਪਰ ਡਰ ਤੇ ਸਹਿਮ ਦੀ ਭਰੀ ਹੋਈ। ਕਈ ਤਰ੍ਹਾਂ ਦੀਆਂ ਸੋਚਾਂ ਸੋਚਦਾ ਹੋਇਆ ਮੈਂ ਹਸਪਤਾਲ ਪਹੁੰਚਿਆ।

"ਉਥੇ ਜਾ ਕੇ ਮੈਂ ਜੋ ਕੁਝ ਡਿਠਾ ਉਸ ਨੇ ਮੈਨੂੰ ਹੋਰ ਹੈਰਾਨੀ ਵਿਚ ਪਾ ਦਿਤਾ। ਇਕ ਬੁੱਢਾ ਮੁਸਲਮਾਨ, ਸਿਰ ਤੋਂ ਪੈਰਾਂ ਤਕ ਪਟੀਆਂ ਨਾਲ ਬੰਨ੍ਹਿਆ ਹੋਇਆ ਬੇਹੋਸ਼ ਪਿਆ ਸੀ ਤੇ ਸਤਵੰਤ ਕੌਰ ਉਸ ਦੇ ਪਾਸ ਬੈਠੀ, ਅਥਰੂ ਵਹਾਂਦੀ ਹੋਈ, ਉਸ ਦੇ ਮੂੰਹ ਵਿਚ ਦੁਧ ਪਾਣ ਦਾ ਜਤਨ ਕਰ ਰਹੀ ਸੀ।

"ਮੈਨੂੰ ਦੇਖਦਿਆਂ ਹੀ ਉਹ ਡਡਿਆ ਕੇ ਮੇਰੇ ਗਲ ਲਗ ਗਈ। ਹੈਰਾਨੀ ਭਰੀ ਨਜ਼ਰ ਨਾਲ ਉਸ ਵਲ ਤਕਦਿਆਂ ਉਸ ਨੂੰ ਪਿਆਰ ਦਿਲਾਸਾ ਦਿਤਾ। ਮੇਰਾ ਭਾਵ ਸਮਝ ਕੇ ਉਹ ਬੋਲੀ—

'ਜੇ ਇਹ ਨਾ ਹੁੰਦੇ ਤਾਂ...!' ਇਸ ਦੇ ਅਗੋਂ ਉਹ ਬੋਲ ਨਾ ਸਕੀ।

ਅੰਤ ਉਸ ਨੇ ਵੇਰਵੇ ਨਾਲ ਬੈਠ ਕੇ ਆਪਣੀ ਸਾਰੀ ਹਡ ਬੀਤੀ ਮੈਨੂੰ ਸੁਣਾਈ। ਉਸ ਨੇ ਦਸਿਆ—

'ਫ਼ਸਾਦ ਦੀ ਖ਼ਬਰ ਸੁਣਦਿਆਂ ਹੀ ਸਾਰਾ ਗਹਿਣਾ ਗੱਟਾ ਤੇ ਨਕਦੀ ਇਕ ਨਿਕੇ ਟਰੰਕ ਵਿਚ ਪਾ ਕੇ ਤੇ ਕੱਛੇ ਮਾਰ ਕੇ ਮੈਂ ਮਾਸੀ ਦੇ ਘਰ ਵਲ ਤੁਰ ਪਈ। ਰਸਤੇ ਵਿਚ ਗੁੰਡਿਆਂ ਦਾ ਇਕ ਟੋਲਾ ਮੈਂ ਆਪਣੇ ਵਲ ਆਉਂਦਾ ਡਿਠਾ। ਉਹਨਾਂ ਤੋਂ ਬਚਣ ਲਈ ਮੈਂ ਘਾਬਰ ਕੇ ਇਧਰ ਉਧਰ ਤਕਣ ਲਗੀ। ਜਦ ਮੈਨੂੰ ਨੱਠਣ ਦਾ ਕੋਈ ਰਾਹ ਨਾ ਲੱਭਾ ਤਾਂ ਮੈਂ ਏਸ ਬੁਢੇ ਹਲਵਾਈ ਦੀ ਹੱਟੀ ਵਿਚ ਜਾ ਖਲੋਤੀ। ਪਰ ਮੇਰੇ ਪਿਛੇ ਹੀ ਗੁੰਡਿਆਂ ਦੀ ਧਾੜ ਆ ਪੁੱਜੀ। ਮੇਰਾ ਟਰੰਕ ਵੇਖ ਕੇ ਉਹ ਸਮਝ ਗਏ ਕਿ ਇਸ ਵਿਚ ਚੋਖਾ ਮਾਲ ਹੈ।

'ਇਸ ਬਾਬੇ ਦਾ ਰਬ ਦੋਹਾਂ ਜਹਾਨਾਂ ਵਿਚ ਭਲਾ ਕਰੇ। ਇਸ ਨੇ ਮੈਨੂੰ ਪਿਛਲੇ ਅੰਦਰ ਵਾੜ ਦਿਤਾ ਤੇ ਆਪ ਹੱਟੀ ਵਿਚ ਡਟ ਕੇ ਗੁੰਡਿਆਂ ਦੇ ਟਾਕਰੇ ਲਈ ਖਲੋ ਗਿਆ। ਇਸ ਨੇ ਉਹਨਾਂ ਲੋਕਾਂ ਨੂੰ ਬਥੇਰਾ ਸਮਝਾਇਆ, ਪਰ ਉਹਨਾਂ ਦਾ ਇਹੋ ਕਹਿਣਾ ਸੀ ਕਿ ਟਰੰਕ ਸਾਡੇ ਹਵਾਲੇ ਕਰ ਦੇ ਤਾਂ ਅਸੀਂ ਚਲੇ ਜਾਂਦੇ ਹਾਂ।

'ਅੰਤ ਜਦ ਉਹ ਨਾ ਟਲੇ, ਤਾਂ ਇਸ ਨੇ ਕੜ੍ਹਦੇ ਦੁੱਧ ਦੇ ਪਿਆਲੇ ਭਰ ਭਰ ਕੇ ਓਹਨਾਂ ਉਤੇ ਸੁਟਣੇ ਸ਼ੁਰੂ ਕਰ ਦਿਤੇ। ਉਹ ਇਕ ਵਾਰੀ ਤਾਂ ਨੱਸ ਗਏ ਪਰ ਜਦ ਓਹਨਾਂ ਵੇਖਿਆ ਕਿ ਦੁੱਧ ਦੀ ਕੜਾਹੀ ਖਾਲੀ ਹੋ ਗਈ ਹੈ, ਉਹ ਫਿਰ ਮੁੜ ਆਏ।

'ਦੂਜੀ ਵੇਰਾਂ ਉਸ ਨੇ ਚੁਲ੍ਹੇ ਵਿਚੋਂ ਅੱਗ ਤੇ ਫੇਰ ਤੱਤੀ ਭੁੱਬਲ ਕੱਢ ਕੱਢ ਕੇ ਓਹਨਾਂ ਉਤੇ ਵਰ੍ਹਾਣੀ ਸ਼ੁਰੂ ਕਰ ਦਿਤੀ। ਕਈਆਂ ਦੇ ਮੂੰਹ, ਸਿਰ ਤੇ ਕੱਪੜੇ ਝੁਲਸ ਗਏ, ਪਰ ਇਸ ਨਾਲ ਓਹਨਾਂ ਦਾ ਜੋਸ਼ ਹੋਰ ਵੀ ਵਧ ਗਿਆ। ਜਦ ਚੁਲ੍ਹਾ ਵੀ ਖਾਲੀ ਹੋ ਗਿਆ ਤੇ ਇਸ ਬਾਬੇ ਪਾਸ ਹੋਰ ਕੋਈ ਹਥਿਆਰ ਨਾ ਰਿਹਾ ਤਾਂ ਉਹ ਸਾਰੇ ਹੱਟੀ ਤੇ ਆ ਚੜ੍ਹੇ, ਤੇ 'ਕਾਫ਼ਰ ਕਾਫ਼ਰ' ਕਹਿ ਕੇ ਇਸ ਵਿਚਾਰੇ ਨੂੰ ਹੱਥੋ-ਹੱਥ ਲੈ ਲਿਆ . ਮਾਰ ਮਾਰ ਕੇ ਗ਼ਰੀਬ ਨੂੰ ਫੇਹ ਸੁਟਿਆ।

'ਫਿਰ ਉਹ ਗੁੰਡੇ ਮੇਰੇ ਵਲ ਵਧੇ, ਪਰ ਮੈਂ ਅੰਦਰੋਂ ਕੁੰਡਾ ਮਾਰ ਲਿਆ ਸੀ। ਉਹਨਾਂ ਨੂੰ ਬੂਹਾ ਭੰਨਣ ਵਿਚ ਚੋਖਾ ਚਿਰ ਲਗ ਗਿਆ। ਇਸ ਵੇਲੇ 'ਪੁਲਸ ਆ ਗਈ' ਦਾ ਰੌਲਾ ਪੈ ਗਿਆ ਤੇ ਸਾਰੇ ਜਿਧਰ ਮੂੰਹ ਆਇਆ ਨੱਸ ਗਏ।

'ਬਾਬਾ ਲਹੂ-ਲੁਹਾਣ ਹੋਇਆ ਪਿਆ ਸੀ। ਸੇਵਾ ਸੰਮਤੀ ਵਾਲਿਆਂ ਉਸ ਨੂੰ ਸਟੇਚਰ ਤੇ ਪਾ ਲਿਆ। ਮੈਂ ਵੀ ਆਪਣਾ ਟਰੰਕ ਚੁਕ ਕੇ ਬਾਬੇ ਦੇ ਨਾਲ ਹੀ ਇਥੇ ਹਸਪਤਾਲ



Sri Satguru Jagjit Singh Ji eLibrary NamdhariElibrary@gmail.com

ਆ ਗਈ। ਦਿਹਾੜੀ ਵਿਚ ਕਈ ਵਾਰੀ ਸੇਵਾ ਸੰਮਤੀ ਵਾਲੇ ਤੁਹਾਨੂੰ ਘਰੋਂ ਤੇ ਹਟੀਓਂ ਲਭਣ ਗਏ ਪਰ ਤੁਹਾਡਾ ਕੁਝ ਪਤਾ ਨਾ ਲਗਾ।''

ਥੋੜਾ ਚਿਰ ਠਹਿਰ ਕੇ ਕਰਮ ਸਿੰਘ, ਦਫਤਰੀ ਨੂੰ ਫਿਰ ਸੁਣਾਣ ਲਗਾ—

''ਸਤਵੰਤ ਕੌਰ ਦੀਆਂ ਗਲਾਂ ਸੁਣ ਕੇ ਮੇਰੇ ਲੂੰ ਕੰਡੇ ਖੜੇ ਹੋ ਗਏ। ਮੈਂ ਬੇਹੋਸ਼ ਪਏ ਬਾਬੇ ਦੇ ਪੈਰਾਂ ਤੇ ਸ਼ਰਧਾ ਨਾਲ ਕਈ ਵਾਰੀ ਮੱਥਾ ਟੇਕਿਆ।

''ਦੂਜੇ ਦਿਨ ਸਵੇਰ ਵੇਲੇ ਬਾਬੇ ਨੂੰ ਹੋਸ਼ ਆਈ। ਉਸ ਦੇ ਮੂੰਹੋਂ ਪਹਿਲਾ ਵਾਕ ਨਿਕਲਿਆ—

''ਜ਼ੈਨਾ! ਪੁਤ, ਤੂੰ ਕਿਥੇ ਐਂ?''

''ਥੋੜ੍ਹੇ ਚਿਰ ਪਿਛੋਂ ਉਸ ਦੀ ਹੋਸ਼ ਚੰਗੀ ਤਰ੍ਹਾਂ ਫਿਰ ਪਈ ਤੇ ਆਪਣੇ ਆਪ ਹੀ ਉਸ ਨੂੰ ਸਾਰੀ ਗੱਲ ਦੀ ਸਮਝ ਆ ਗਈ। ਅਸੀਂ ਦੋਵੇਂ ਉਸ ਦੇ ਪੈਰਾਂ ਤੇ ਸਿਰ ਰਖ ਕੇ ਉਸ ਦਾ ਧੰਨਵਾਦ ਕਰਨ ਲਗੇ। ਬਾਬਾ ਪਿਆਰ ਨਾਲ ਸਾਨੂੰ ਇਸ ਕੰਮੋਂ ਰੋਕਦਾ ਹੋਇਆ ਬੋਲਿਆ—

'ਸਰਦਾਰ ਜੀ! ਮੈਂ ਤੁਹਾਡੇ ਉਤੇ ਕੋਈ ਹਸਾਨ ਨਹੀਂ ਕੀਤਾ। ਜਹੀ ਮੇਰੀ ਜ਼ੈਨਾ ਬਚੀ ਤਹੀ ਇਹ। ਪਰ ਸਰਦਾਰ ਜੀ! ਅੱਲਾ ਦੇ ਵਾਸਤੇ ਉਸ ਨੂੰ ਇਥੇ ਲੈ ਆਓ, ਇਕੱਲੀ ਮਰ ਜਾਏਗੀ। ਜੇ ਵਿਚਾਰੀ ਦੀ ਮਾਂ ਜੀਊਂਦੀ ਹੁੰਦੀ ਤਾਂ ਵੀ ਮੇਰੇ ਪਿਛੋਂ ਰੁਲ ਖੁਲ ਕੇ ਪਲ ਜਾਂਦੀ। ਹੁਣ ਕੌਣ ਉਸ ਨੂੰ...।' ਕਹਿੰਦਾ ਕਹਿੰਦਾ ਬੁਢਾ ਰੋਣ ਲਗ ਪਿਆ।

''ਉਸ ਦੇ ਦਸੇ ਪਤੇ ਤੇ ਜਾ ਕੇ ਅਸੀਂ ਜ਼ੈਨਾਂ ਨੂੰ ਲੈ ਆਏ। ਜ਼ੈਨਾਂ ਉਸ ਵੇਲੇ ਦਸਾਂ ਕੁ ਵਰ੍ਹਿਆਂ ਦੀ ਸੀ, ਡਾਢੀ ਭੋਲੀ ਭਾਲੀ। ਭਾਵੇਂ ਰੋ ਰੋ ਕੇ ਉਹ ਬੇਹਾਲ ਹੋਈ ਹੋਈ ਸੀ ਪਰ ਪਿਉ ਦੇ ਗਲ ਲਗ ਕੇ ਉਸ ਦਾ ਦੁਖ ਅੱਧਾ ਹੋ ਗਿਆ।

''ਸਵਾ ਮਹੀਨਾ ਹਸਪਤਾਲ ਰਖਣ ਤੇ ਵੀ ਜਦ ਅਸਾਂ ਬਾਬੇ ਨੂੰ ਕੋਈ ਫਰਕ ਪੈਂਦਾ ਨਾ ਡਿਠਾ ਤਾਂ ਅਸੀਂ ਉਸ ਨੂੰ ਆਪਣੇ ਘਰ ਲੈ ਆਏ। ਅੰਦਰ ਦੀਆਂ ਸੱਟਾਂ ਨੇ ਉਸ ਦਾ ਲਕ ਉਕਾ ਹੀ ਨਕਾਰਾ ਕਰ ਦਿਤਾ ਸੀ। ਛਾਤੀ ਦੀਆਂ ਸੱਟਾਂ ਵੀ ਗੁੱਝੀਆਂ ਸਨ।

''ਘਰ ਆ ਕੇ ਜ਼ੈਨਾਂ ਸਾਡੇ ਨਾਲ ਇਸ ਤਰ੍ਹਾਂ ਹਿਲ ਮਿਲ ਗਈ ਜਿਵੇਂ ਸਾਡੇ ਹੀ ਘਰ ਜੰਮੀ ਪਲੀ ਹੈ। ਉਹ ਸਾਨੂੰ ਡਾਢੀ ਪਿਆਰੀ ਲਗਦੀ ਸੀ। ਸਤਵੰਤ ਕੌਰ ਨੂੰ ਤਾਂ ਜਿਵੇਂ ਕੋਈ ਖ਼ਜ਼ਾਨਾ ਲਭ ਪਿਆ ਸੀ। ਸਾਡੀ ਵੀ ਕਦੇ ਤਿੰਨਾਂ ਵਰ੍ਹਿਆਂ ਦੀ ਇਕ ਕੁੜੀ ਸੀ, ਜੋ ਰਬ ਨੇ ਸਾਨੂੰ ਦੇ ਫਿਰ ਲੈ ਲਈ ਸੀ। ਸਾਨੂੰ ਇਹੋ ਜਾਪਦਾ ਸੀ ਕਿ ਰਬ ਨੇ ਸਾਥੋਂ ਖੋਹੀ ਹੋਈ ਚੀਜ਼ ਫੇਰ ਸਾਨੂੰ ਮੋੜ ਦਿਤੀ ਹੈ। ਅਸੀਂ ਇਕ ਪਲ ਵੀ ਜ਼ੈਨਾਂ ਨੂੰ ਅੱਖੋਂ ਉਹਲੇ ਨਹੀਂ ਸਾਂ ਕਰ ਸਕਦੇ।

''ਮੰਜੇ ਤੇ ਪਿਆਂ ਪਿਆਂ ਜਦ ਬਾਬਾ ਸਾਨੂੰ ਜ਼ੈਨਾ ਨਾਲ ਪਿਆਰ ਕਰਦਾ ਵੇਖਦਾ ਸੀ ਤਾਂ ਖੁਸ਼ੀ ਨਾਲ ਉਸ ਦੀਆਂ ਅੱਖਾਂ ਵਿਚ ਅਥਰੂ ਆ ਜਾਂਦੇ ਸਨ।

''ਬਥੇਰੇ ਡਾਕਟਰ ਬਦਲੇ, ਪਰ ਬਾਬੇ ਨੂੰ ਫਰਕ ਨਾ ਪਿਆ।''

''ਅਚਾਨਕ ਹੀ ਉਸ ਦੀ ਛਾਤੀ ਚੋਂ ਲਹੂ ਆਉਣ ਲਗ ਪਿਆ ਤੇ ਪੈਰੋ ਪੈਰ ਉਸ ਦੀ ਹਾਲਤ ਖਰਾਬ ਹੋਣ ਲਗੀ।

''ਅਖੀਰ ਇਕ ਰਾਤ ਉਹ ਜ਼ੈਨਾਂ ਦੀ ਬਾਂਹ ਸਤਵੰਤ ਦੇ ਹਥ ਫੜਾ ਕੇ ਸ਼ਾਂਤੀ; ਤਸੱਲੀ ਤੇ ਬੇਫ਼ਿਕਰੀ ਨਾਲ ਇਸ ਦੁਨੀਆਂ ਤੋਂ ਵਿਦਾ ਹੋ ਗਿਆ।

ਦੂਜੇ ਦਿਨ ਇਕ ਸਿਖ ਦੇ ਘਰ ਵਿਚੋਂ ਮੁਸਲਮਾਨ ਜਨਾਜ਼ਾ, ਨਿਰੋਲ ਮੁਸਲਮਾਨੀ ਤਰੀਕੇ ਨਾਲ, ਨਿਕਲਦਾ ਵੇਖ ਕੇ ਸਾਰਾ ਗਲੀ ਮੁਹੱਲਾ ਪਿਆਰ ਦੇ ਅਥਰੂ ਵਹਾ ਰਿਹਾ ਸੀ।

''ਉਸੇ ਦਿਨ ਤੋਂ ਜ਼ੈਨਾਂ ਲਈ ਮੈਂ ਇਕ ਹਾਫ਼ਜ਼ ਮੌਲਵੀ ਉਸਤਾਦ ਰਖ ਦਿਤਾ ਜੋ ਦੋਵੇਂ ਵੇਲੇ ਆ ਕੇ ਉਸ ਨੂੰ ਕੁਰਾਨ ਸ਼ਰੀਫ ਪੜ੍ਹਾਂਦਾ ਸੀ।

''ਹੁਣ ਜ਼ੈਨਾਂ ਦੀ ਉਮਰ ੧੫ ਵਰ੍ਹਿਆਂ ਦੀ ਹੈ ਤੇ ਸਾਰਾ ਕੁਰਾਨ ਸ਼ਰੀਫ ਇਹਨਾਂ ਪੰਜਾਂ ਵਰ੍ਹਿਆਂ ਵਿਚ ਉਸ ਨੇ ਹਿਫ਼ਜ਼ ਕਰ ਲਿਆ ਹੈ। ਇਕ ਖਾਨਦਾਨੀ ਮੁਸਲਮਾਨ ਨਾਲ ਉਸ ਦੀ ਮੰਗਣੀ ਹੋ ਚੁਕੀ ਹੈ ਤੇ ਅਜ ਤੋਂ ਚੌਥੇ ਦਿਨ ਉਸ ਦਾ ਨਕਾਹ ਹੋਣ ਵਾਲਾ ਹੈ। ਵਿਆਹ ਭਾਵੇਂ ਮੁਸਲਮਾਨੀ ਸ਼ਰ੍ਹਾ ਨਾਲ ਹੋਵੇਗਾ, ਪਰ ਜੰਝ ਹਿੰਦੂ, ਸਿਖ, ਮੁਸਲਮਾਨ ਸਾਰੇ ਹੀ ਆਉਣਗੇ।

''ਜ਼ੈਨਾਂ ਦਾ ਦਾਜ ਬਨਾਣ ਵਿਚ ਅਸਾਂ ਆਪਣੇ ਵਲੋਂ ਕੋਈ ਕਸਰ ਨਹੀਂ ਛਡੀ ਪਰ ਇਹ ਕੁਰਾਨ ਸ਼ਰੀਫ਼ ਜ਼ੈਨਾਂ ਨੂੰ ਬਹੁਤ ਪਿਆਰਾ ਹੈ। ਇਹੋ ਉਸ ਦਾ ਪਿਉ ਪੜ੍ਹਿਆ ਕਰਦਾ ਸੀ ਤੇ ਇਸੇ ਤੋਂ ਹੀ ਜ਼ੈਨਾਂ ਨੇ ਤਾਲੀਮ ਹਾਸਲ ਕੀਤੀ ਹੈ। ਇਸੇ ਕਰਕੇ ਮੈਂ ਇਸ ਦੀ ਵਧੀਆ ਜਿਲਦ ਬਣਵਾ ਕੇ ਉਸ ਦੇ ਦਾਜ ਵਿਚ ਦੇਣਾ ਚਾਹੁੰਦਾ ਹਾਂ।''

ਖੈਰ ਦੀਨ ਦਫ਼ਤਰੀ ਤੇ ਉਸ ਦੇ ਕਾਰੀਗਰਾਂ ਨੇ ਮਾਨੋ ਪੱਥਰ ਦੇ ਬੁਤ ਬਣ ਕੇ ਸਾਰੀ ਵਾਰਤਾ ਸੁਣੀ। ਉਹਨਾਂ ਅਦਬ ਨਾਲ ਸਿਰ ਨਿਵਾਇਆ ਤੇ ਅੱਖਾਂ ਪੂੰਝੀਆਂ। ਕਿਸੇ ਕਿਸੇ ਨੇ ਇਕ ਦੋ ਹਉਕੇ ਵੀ ਭਰੇ ਤੇ ਫਿਰ ਆਪਣੇ ਕੰਮ ਲਗ ਪਏ।

ਜਿਲਦ, ਵੇਲੇ ਸਿਰ ਬੰਨ੍ਹ ਦੇਣ ਦੀ ਪੱਕੀ ਕਰਕੇ ਰੁਮਾਲਾਂ ਨੂੰ ਲਪੇਟ ਕੇ ਖੀਸੇ ਵਿਚ ਪਾਂਦਾ ਹੋਇਆ ਕਰਮ ਸਿੰਘ ਆਪਣੇ ਰਾਹ ਪਿਆ।


Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਭੂਆ

—ਨਾਨਕ ਸਿੰਘ

ਭੂਆ ਨੂੰ ਮਿਲਿਆਂ ਦਸਾਂ ਤੋਂ ਵਧੀਕ ਵਰ੍ਹੇ ਬੀਤ ਗਏ ਸਨ । ਮੇਰੇ ਵਡੇ ਵਡੇਰਿਆਂ 'ਚੋਂ ਇਹੋ ਇਕ ਨਾਉਂ ਲੈਣ ਜੋਗੀ ਪੁਰਾਣੀ ਮੁੱਢੀ ਬਾਕੀ ਸੀ । ਅੱਜ ਵੀ ਉਨ੍ਹਾਂ ਦਿਨਾਂ ਦੀ ਸੁਪਨੇ ਵਾਂਗ ਮਾੜੀ ਜੇਹੀ ਯਾਦ ਬਾਕੀ ਹੈ, ਜਦ ਨਿੱਕੇ ਹੁੰਦਿਆਂ ਭੂਆ ਮੈਨੂੰ ਉਂਗਲੀ ਲਾ ਕੇ, ਪਿਆਰ ਪੁਚਕਾਰ ਕੇ ਸਕੂਲ ਛੱਡਣ ਜਾਂਦੀ ਹੁੰਦੀ ਸੀ, ਤੇ ਅੱਧੀ ਛੁਟੀ ਵੇਲੇ ਮੇਰੇ ਲਈ ਮਲਾਈ ਵਾਲੇ ਦੁੱਧ ਦਾ ਕੌਲ ਲਿਆਇਆ ਕਰਦੀ ਸੀ ।

ਏਸ ਗੱਲ ਨੂੰ ਤੀਹ ਪੰਤੀ ਵਰ੍ਹੇ ਹੋ ਗਏ ਹੋਣੇ ਨੇ । ਇਕ ਇਕ ਕਰਕੇ ਸਾਰੇ ਉਹ, ਜਿਹੜੇ ਮੈਨੂੰ ਕਾਕਾ, ਪੁਤਰ ਆਖਣ ਦਾ ਅਧਿਕਾਰ ਰਖਦੇ ਸਨ, ਮੌਤ ਦਾ ਖਾਜਾ ਬਣ ਚੁਕੇ ਸਨ, ਪਰ ਮੇਰੀ ਭੂਆ ਅਜੇ ਕੰਧੀ ਉਤੇ ਰੁਖੜਾ ਬਣੀ ਰਹੀ ।

ਹਾਂ, ਤੇ ਮੈਂ ਐਤਕੀ ਜਦ ਆਪਣੇ ਇਕ ਰਿਸ਼ਤੇਦਾਰ ਦੇ ਮੁੰਡੇ ਦੀ ਸ਼ਾਦੀ 'ਤੇ ਗਿਆ ਤਾਂ ਭੂਆ ਨੂੰ ਮਿਲਣ ਦੀ ਖਾਹਿਸ਼ ਨੂੰ ਮੈਂ ਰੋਕ ਨਾ ਸਕਿਆ, ਭਾਵੇਂ ਕੱਚੀ ਸੜਕੇ ਪੂਰੇ ਪੰਜ ਮੀਲ ਜਾਂਦਿਆਂ ਤੇ ਏਨੇ ਹੀ ਆਉਂਦਿਆਂ ਮੈਨੂੰ ਕੱਛਣੇ ਪੈਣੇ ਸਨ ।

ਗਰਮੀ ਦੀ ਰੁੱਤ ਤੇ ਪੇਂਡੂ ਵਿਆਹ, ਸ਼ਹਿਰ ਵਿਚ ਰਹਿਣ ਵਾਲੇ ਬੰਦੇ ਨੂੰ ਜਦ ਚਾਰ ਡੰਗ ਅਜਿਹੇ ਵਿਆਹਾਂ ਦੀ ਰੋਟੀ ਖਾਣੀ ਪੈ ਜਾਵੇ ਤਾਂ ਚਾਰ ਚੌਕੇ ਸੋਲ੍ਹਾਂ ਡੰਗ ਹਾਜ਼ਮੇ ਦੇ ਚੂਰਨ ਤੇ ਫਕੀਆਂ ਵਰਤੇ ਬਿਨਾਂ ਖਲਾਸੀ ਨਹੀਂ ਹੁੰਦੀ ।

ਚਹੁੰ ਡੰਗਾਂ ਵਿਚ ਹੀ ਕਚਘਰੜ ਪੂਰੀਆਂ ਤੇ ਹੋਰ ਇਹੋ ਜਿਹੇ ਨਿੱਕ-ਸੁੱਕ ਤੇ ਦਿਲ ਭਰ ਗਿਆ । ਜਾਪਣ ਲੱਗਾ ਜਿਵੇਂ ਤਵੇ ਦੇ ਫੁਲਕੇ ਖਾਧਿਆਂ ਜੁੱਗ ਹੀ ਬੀਤ ਗਿਆ ਹੈ । ਬਥੇਰੀ ਕੋਸ਼ਿਸ਼ ਕੀਤੀ, ਹੋਰ ਨਹੀਂ ਤਾਂ ਇਕ ਅੱਧ ਡੰਗ ਹੀ ਪੂਰੀਆਂ ਤੋਂ ਛੁਟਕਾਰਾ ਮਿਲੇ, ਕਿਤੋਂ ਦੋ ਫੁਲਕੇ ਤੇ ਦਾਲ ਮਿਲ ਸਕਣ, ਪਰ ਅਜਿਹਾ ਹੋਣਾ ਤਾਂ ਧੇਤਿਆਂ ਦੀ ਨੱਕ-ਵੱਢੀ ਹੋਣ ਦੇ ਬਰਾਬਰ ਸੀ ।

ਸ਼ੁਕਰ ਸ਼ੁਕਰ ਕਰਕੇ ਦੋ ਰਾਤਾਂ ਕੱਟੀਆਂ ਤੇ ਤੀਜੇ ਦਿਨ ਮੈਂ ਜਾਂਞੀਆਂ ਪਾਸੋਂ ਮਸੇ-ਮਸੇ ਖਹਿੜਾ ਛੁਡਾ ਕੇ ਭੂਆ ਦੇ ਪਿੰਡ ਤੁਰ ਪਿਆ । ਮੈਨੂੰ ਯਾਦ ਸੀ, ਨਿੱਕੇ ਹੁੰਦਿਆਂ ਮੇਰੀ ਭੂਆ ਪਤਲੇ ਫੁਲਕੇ ਚੁਲ੍ਹੇ ਵਿਚ ਫੁਲਾ ਕੇ ਕਿਡੇ ਪਿਆਰ ਨਾਲ ਖੁਆਇਆ ਕਰਦੀ ਸੀ ।

ਸਵਾਰੀ ਦਾ ਕੋਈ ਪ੍ਰਬੰਧ ਨਾ ਹੋ ਸਕਿਆ । ਦੁਪਹਿਰਾਂ ਦਾ ਤੁਰਿਆ ਮੈਂ ਸਾਰੇ ਰਾਹ ਘੱਟਾ ਫੱਕਦਾ ਕਿਤੇ ਪੈਲੀਆਂ ਵਿਚੋਂ ਤੇ ਕਿਤੇ ਸੜਕੇ ਸੜਕ, ਸੌਤੇ ਪਏ ਭੂਆ ਦੇ ਪਿੰਡ ਪੁਜਾ । ਜਾਨ ਵਿਚ ਜਾਨ ਆਈ ।

ਜਾਂਦਿਆਂ ਹੀ ਬੜੀ ਗਰਮ ਜੋਸ਼ੀ ਨਾਲ ਮੈਂ ਭੂਆ ਨੂੰ ਪੈਰੀਂ ਪੈਣਾ ਕੀਤਾ । ਉਸ ਨੇ ਜੀਊਂ ਆਇਆਂ ਸਦਕੇ ਆਇਆਂ ਆਖਦਿਆਂ ਹੋਇਆਂ ਮੇਰੀ ਪਿੱਠ ਪਲੋਸੀ, ਪਰ ਇਸ ਵਿਚੋਂ ਮੈਨੂੰ ਭੂਆ ਦੇ ਪਿਆਰ ਦਾ ਨਿੱਘ ਨਾ ਲਭਿਆ । ਅਸਲ ਗੱਲ ਇਹ ਸੀ ਕਿ ਭੂਆ ਨੇ ਮੈਨੂੰ ਪਛਾਤਾ ਹੀ ਨਹੀਂ ਸੀ ਉਸ ਨੂੰ ਅੰਧਰਾਤੇ ਦੀ ਕਸਰ ਸੀ ।

ਜਦ ਉਸ ਦੇ "ਕਾਕਾ ਕਿਥੋਂ ਏਂ ਤੂੰ?" ਦੇ ਉੱਤਰ ਵਿਚ ਮੈਂ ਆਪਣਾ ਨਾ ਦਸਿਆ, ਤਾਂ ਸਾਰੀ ਦੀ ਸਾਰੀ ਭੂਆ ਮੇਰੇ ਦੁਆਲੇ ਲਿਪਟ ਗਈ । ਚੁੰਮ ਚੁੰਮ ਕੇ ਉਸ ਨੇ ਮੇਰਾ ਮੂੰਹ ਗਿੱਲਾ ਕਰ ਛਡਿਆ ਤੇ ਉੱਚੀ ਦੇ ਕੇ ਪੁਕਾਰ ਉੱਠੀ-ਨੀ "ਚੰਨਣ ਕੌਰੇ । ਕੁੜੇ ਆਈ ਨੀ ਭੱਜ ਕੇ । ਨੀ ਮੇਰਾ... ਸਿੰਘ ਆਇਆ ਈ ਸੁਖ ਨਾਲ ਵੇ ਮੁੰਡਿਓ ਕੁੜੀਓ । ਤੁਹਾਡਾ ਤਾਇਆ ਆਇਆ ਜੇ ।"

ਉਸ ਦੀ ਨੂੰਹ ਭੱਜੀ ਆਈ । ਭੂਆ ਦੇ ਪੋਤਿਆਂ ਪੋਤੀਆਂ ਨੇ ਆਉਂਦਿਆਂ ਹੀ ਮੇਰੇ ਦੁਆਲੇ ਘੇਰਾ ਘਤ ਲਿਆ । ਬਾਲਾਂ ਵਿਚੋਂ ਭਾਵੇਂ ਕਿਸੇ ਨੇ ਵੀ ਇਸ ਤੋਂ ਪਹਿਲਾਂ ਮੇਰੀ ਸ਼ਕਲ ਨਹੀਂ ਸੀ ਵੇਖੀ, ਪਰ ਦਾਦੀ ਦੀ ਗਵਾਹੀ "ਤੁਹਾਡਾ ਤਾਇਆ ਆਇਆ" ਹੀ ਉਨ੍ਹਾਂ ਲਈ ਕਾਫੀ ਸੀ ।

ਭੂਆ ਦੀ ਨੂੰਹ ਮੈਥੋਂ ਛੋਟੇ ਥਾਂ ਸੀ, ਘੁੰਡ ਚੁਕਣ ਤੇ ਬੋਲਣ ਚਾਲਣ ਦੀ ਦਲੇਰੀ ਉਹ ਨਾ ਕਰ ਸਕੀ ।

ਮੈਂ ਪੀਹੜੀ 'ਤੇ ਬੈਠਾ ਸਾਂ, ਭੂਆ ਭੁੰਜੇ ਬੈਠੀ ਦੂਹਾਂ ਹੱਥਾਂ ਨਾਲ ਮੇਰੀ ਪਿੱਠ ਮੇਰਾ ਸਿਰ, ਮੇਰਾ ਮੂੰਹ ਮੱਥਾ ਪਿਆਰਦੀ ਹੋਈ ਮੇਰੇ ਘਰ ਬਾਰ ਦੀ, ਮੇਰੇ ਬਾਲਾਂ, ਮੇਰੀ ਘਰ ਵਾਲੀ ਦੀ ਸੁਖ ਸਾਂਦ ਪੁੱਛ ਰਹੀ ਸੀ ਤੇ ਮੇਰੇ ਵਲੋਂ ਸਿਰਫ ਇਕੋ ਉਤਰ ਘੜੀ ਮੁੜੀ ਦੁਹਰਾਇਆ ਜਾ ਰਿਹਾ ਸੀ—"ਹਾਂ ਜੀ, ਆਹੋ ਜੀ, ਜੀ ।" ਮੈਂ ਉਸ ਵੇਲੇ ਸਚਮੁਚ ਆਪਣੇ ਆਪ ਨੂੰ ਦਾਹੜੀ ਵਾਲਾ ਕਾਕਾ ਅਨੁਭਵ ਕਰ ਰਿਹਾ ਸਾਂ ।

"ਤੇ ਕੁੜੇ ਉਠ ਕੇ ਰੋਟੀ ਟੁੱਕ ਦਾ ਆਹਰ ਕਰ, ਮੁੰਡਾ ਵੱਡੇ ਵੇਲੇ ਦਾ ਭੁਖਾ ਭਾਣਾ ਹੋਵੇਗਾ ।" ਕਹਿ ਕੇ ਭੂਆ ਨੇ ਨੂੰਹ ਨੂੰ ਰਸੋਈ ਵਲ ਨਸਾਇਆ । ਮੈਂ ਬਥੇਰੀ ਉਜਰਦਾਰੀ ਕੀਤੀ, ਪਰ ਉਥੇ ਸੁਣਾਈ ਕਾਹਨੂੰ ਹੋਣੀ ਸੀ ।



Sri Satguru Jagjit Singh Ji eLibrary NamdhariElibrary@gmail.com

ਭੁੱਖ ਮੈਨੂੰ ਉੱਕਾ ਹੀ ਨਹੀਂ ਸੀ, ਸਗੋਂ ਦੁਪਹਿਰੇ ਜਿਹੜੀ ਜੰਞ ਵਿਦੈਗੀ ਵੇਲੇ ਰੋਟੀ ਤੇ ਉਸ ਤੋਂ ਬਾਅਦ ਕੁਝ ਮਠਿਆਈ ਖਾਣੀ ਪਈ ਸੀ, ਉਸ ਨਾਲ ਤਬੀਅਤ ਦਿਕ ਹੋ ਗਈ ਸੀ। ਮੈਂ ਦਿਲ ਨਾਲ ਫੈਸਲਾ ਕੀਤਾ ਸੀ ਕਿ ਰਾਤੀਂ ਕੁਝ ਨਹੀਂ ਖਾਵਾਂਗਾ। ਅਜੇ ਤਕ ਡਕਾਰ ਆ ਰਹੇ ਸਨ।

"ਓ ਮੇਰਿਆ ਰੱਬਾ' ਮੇਰੇ ਅੰਦਰੋਂ ਡਰ ਭਰੀ ਆਵਾਜ ਨਿਕਲੀ, ਜਦ ਕੁਝ ਚਿਰ ਬਾਅਦ ਮੈਂ ਆਪਣੇ ਅੱਗੇ ਇਕ ਨੱਕੋ ਨੱਕ ਪਰੋਸਿਆ ਥਾਲ ਵੇਖਿਆ, ਚੱਕੀ ਦੇ ਪੁੜ ਜਿਡੇ ਦੋ ਪਰੌਂਠੇ, ਜਿਨ੍ਹਾਂ ਵਿਚੋਂ ਘਿਉ ਵਗ-ਵਗ ਕੇ ਥਾਲ ਦੇ ਉਸ ਹਿੱਸੇ ਵਿਚ ਚਲ ਰਿਹਾ ਸੀ, ਜਿੱਥੇ ਮੋਟੀਆਂ ਮੋਟੀਆਂ ਸੇਵੀਆਂ ਦਾ ਇਕ ਤਕੜਾ ਅੰਬਾਰ ਉਸਰਿਆ ਸੀ ਤੇ ਜਿਸ ਉਤੇ ਬੁਕ ਸਾਰੀ ਸ਼ੱਕਰ ਦੀ ਤਹਿ ਵਿਛੀ ਹੋਈ ਸੀ।

ਮੈਂ ਸਹਿਮੀ ਨਜ਼ਰ ਨਾਲ ਕਦੇ ਥਾਲ ਵੱਲ ਵੇਖਾਂ ਤੇ ਕਦੇ ਆਪਣੇ ਢਿੱਡ ਵੱਲ। 'ਮੂਸਾ ਮੌਤੋਂ ਭਜਿਆ ਅੱਗੋਂ ਮੌਤ ਖੜ੍ਹੀ' ਵਾਲੀ ਗੱਲ ਬਣੀ।

ਭਰਜਾਈ ਨੂੰ ਤੇ ਮੈਂ ਸੰਗਦੇ ਮਾਰੇ ਕੁਝ ਆਖ ਨਹੀਂ ਸਾਂ ਸਕਦਾ, ਤੇ ਭੂਆ ਨੂੰ ਏਸ ਬਾਬਤ ਕੁਝ ਕਹਿਣਾ, ਨਾ ਕਹਿਣਾ ਇਕੋ ਜਿਹਾ ਸੀ।

ਭੂਆ ਅੱਗੇ ਮੈਂ ਬਥੇਰੇ ਵਾਸਤੇ ਪਾਵਾਂ—"ਭੂਆ ਜੀ ਮੈਨੂੰ ਇਕ ਗਰਾਹੀ ਦੀ ਵੀ ਭੁਖ ਨਹੀਂ, ਮੈਂ ਅੱਗੇ ਹੀ ਜੰਞ ਦੀ ਰੋਟੀ ਖਾਣ ਕਰਕੇ ਔਖਾ ਹਾਂ...", ਪਰ ਬਿਨਾਂ ਮੇਰੀ ਕਿਸੇ ਗੱਲ ਵਲ ਧਿਆਨ ਦਿਤਿਆਂ ਭੂਆ ਆਪਣੀਆਂ ਹੀ ਵਾਹੀ ਜਾਵੇ—"ਭਲਾ ਕਾਕਾ, ਇਹ ਹੈ ਕੀ ਏ, ਹੌਲੇ ਹੌਲੇ ਤੇ ਫੁਲਕੇ ਨੇ.. ਖਾ ਲੈ, ਖਾ ਲੈ, ਮਾਂ ਸਦਕੇ।"

"...ਤੇ ਭੂਆ ਜੀ, ਇਹ ਏਨੀਆਂ ਸੇਵੀਆਂ ਕੌਣ ਖਾਏਗਾ?" ਮੈਂ ਇਕ ਵਾਰੀ ਫੇਰ ਕਿਹਾ। ਉਹ ਬੋਲੀ, "ਖਾ ਲੈ ਖਾ ਲੈ, ਪੁਤ ਬੀਬਾ! ਸੇਵੀਆਂ ਦਾ ਕੀ ਏ, ਇਹ ਤੇ ਐਵੇਂ ਮੂੰਹ ਮਿੱਠਾ ਕਰਨ ਲਈ ਨੇ..ਵੇਖੇਂ ਨਾ ਪੁਤ, ਏਥੇ ਬਾਹਰ ਥਾਵੇਂ ਕੀ ਪਿਆ ਲਭਦਾ ਏ। ਸ਼ਹਿਰ ਨਗਰਾਂ ਦੀ ਕੀ ਗੱਲ ਕਰਨਾ ਏਂ, ਉਥੇ ਤੇ ਜੋ ਬੱਤੀਆਂ ਦੰਦਾਂ 'ਚੋਂ ਮੰਗੋ ਮਿਲ ਜਾਂਦਾ ਏ। ਸੱਚ ਕਿਸੇ ਆਖਿਆ ਏ: 'ਅਖੇ ਸ਼ਹਿਰ ਵਸੰਦੇ ਦੇਵਤੇ ਬਾਹਰ ਵਸੰਦੇ ਪ੍ਰੇਤ'...ਏਥੇ ਤੇ ਵੀਰਾ ਏਹੋ ਦਾਲ ਸਾਗ ਜੁੜਦਾ ਏ। ਤੇਰਾ ਫੁੱਫੜ ਜਿਉਂਦਾ ਸੀ, ਅਸੀਂ ਇਕ ਵਾਰੀ ਅੰਬਰਸਰ ਗਏ. ਸਦਕੇ ਜਾਈਏ ਗੁਰੂ ਦੀ ਨਗਰੀ ਤੋਂ। ਸਬੱਬ ਨਾਲ ਮਹਾਰਾਜ ਦੇ ਦਰਸ਼ਨ ਹੋ ਗਏ...ਘਰਾਂ ਦੇ ਪੁਆੜਿਆਂ 'ਚੋਂ ਕਿਥੋਂ ਕਿਸੇ ਦਾ ਨਿਕਲਣ ਹੁੰਦਾ ਏ। ਉਹ ਵੀ ਮੇਰੀ ਜਠਾਣੀ ਦੇ ਫੁਲ ਗੰਗਾ ਜੀ ਲਿਜਾਣੇ ਸਾ ਸੂ, ਤੇ ਮੈਨੂੰ ਆਖਣ ਲਗਾ—'ਸ਼ੰਕਰ ਦੀ ਮਾਂ, ਕਿਹੜਾ ਰੋਜ ਰੋਜ ਜਾਇਆ ਜਾਂਦਾ ਏ, ਖਸਮ ਨੂੰ ਖਾਣੀਆਂ ਲੋੜਾਂ ਤੇ ਪੂਰੀਆਂ ਹੁੰਦੀਆਂ ਨਹੀਂ, ਉਹ ਜਾਣੇ ਤੂੰ ਵੀ ਚਲੀ ਚਲ', ਤੇ ਮੈਂ ਵੀ ਇਸੇ ਸਬੱਬ ਚਲੀ ਗਈ। ਦਿਲ ਤੇ ਬਥੇਰਾ ਕਰਦਾ ਏ ਪਈ ਇਕ ਵਾਰ ਫਿਰ ਗੰਗਾ ਮਾਈ ਦੇ ਇਸ਼ਨਾਨ ਕਰ ਆਵਾਂ...ਸ਼ੰਕਰ ਨੂੰ ਕਿੰਨੀ ਵੇਰਾਂ ਵਾਸਤੇ ਪਾ ਚੁਕੀ ਆਂ, ਪਈ ਮੁੰਡਿਆ ਜਿਥੇ ਹੋਰ ਸੈਂਕੜੇ ਖਰਚਨਾ ਖਾਨਾ ਏਂ ਉਥੇ ਇਹ ਵੀ ਜੱਸ ਖਟ ਛਡ...ਪਰ ਉਹ ਤੇ ਸੁਣਦਾ ਈ ਨਹੀਂ ਮੇਰੀ ਗੱਲ...।"

ਭੂਆ ਬਿਨਾਂ ਰੁਕਿਆਂ ਆਪਣੀ ਵਿਆਖਿਆ ਕਰੀ ਜਾ ਰਹੀ ਸੀ, ਤੇ ਏਧਰ ਮੈਂ ਸੋਚ ਰਿਹਾ ਸਾਂ—"ਅੱਗੇ ਜੇਠਾਣੀ ਦੇ ਫੁਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁਲਾਂ ਦੀ ਵਾਰੀ ਹੈ।"

ਅਖੀਰ ਇਹੋ ਸੋਚ ਕੇ ਕਿ 'ਅੱਛਾ, ਉੱਖਲੀ ਵਿਚ ਸਿਰ ਦਿਤਾ ਤਾਂ ਹੁਣ ਚਾਰ ਸੱਟਾਂ ਵਧ ਕੀ ਤੇ ਚਾਰ ਘੱਟ ਕੀ' ਖਾਣਾ ਸ਼ੁਰੂ ਕੀਤਾ।

ਅਜੇ ਦੋ ਚਾਰ ਬੁਰਕੀਆਂ ਹੀ ਲਈਆਂ ਸਨ ਕਿ ਭਰਜਾਈ ਨੇ ਪੰਘਰੇ ਹੋਏ ਘਿਓ ਦਾ ਭਰਿਆ ਹੋਇਆ ਕੌਲ ਲਿਆ ਕੇ ਸੇਵੀਆਂ ਉਤੇ ਉਲੱਦ ਦਿਤਾ। ਘਿਓ ਸੇਵੀਆਂ ਵਿਚ ਫਿਰਦਾ ਫਿਰਾਂਦਾ ਸਾਰੇ ਥਾਲ ਵਿਚ ਫੈਲ ਗਿਆ ਤੇ ਸੇਵੀਆਂ ਦਾ ਢੇਰ...ਸਮੁੰਦਰ ਵਿਚ ਖੜੇ, ਇਕ ਛੋਟੇ ਜਜ਼ੀਰੇ ਵਾਂਗ ਬਣ ਗਿਆ। ਮੈਂ ਬਥੇਰਾ 'ਨਾ-ਨਾ-ਨਾ' ਕਰਦਾ ਰਿਹਾ, ਪਰ ਮੇਰੀ ਕੌਣ ਸੁਣਦਾ ਸੀ।

'ਇਸ ਆਪ ਸਹੇੜੀ ਮੌਤ ਤੋਂ ਕੀਕਣ ਛੁਟਕਾਰਾ ਮਿਲੇ' ਬਥੇਰਾ ਸੋਚਿਆ, ਪਰ ਕੋਈ ਰਾਹ ਨਾ ਲੱਭਾ। ਪਰੌਂਠੇ ਤਾਂ ਖੈਰ ਦੋ ਨਹੀਂ ਡੇਢ ਕੁ ਮੈਂ ਕਿਸੇ ਤਰ੍ਹਾਂ ਤੁੰਨ ਤੁੰਨ ਕੇ ਲੰਘਾ ਲਏ, ਪਰ ਸੇਵੀਆਂ ਦਾ ਕੀ ਬਣੇ? ਸਲਾਹ ਹੋਈ ਕਿ ਭੂਆ ਨੂੰ ਦਿਸਦਾ ਤੇ ਹੈ ਨਹੀਂ, ਹੋਵੇ ਨਾ ਤਾਂ ਇਕ ਦੋ ਰੁੱਗ ਭਰ ਕੇ ਕਿਸੇ ਬੰਨੇ ਸੁਟ ਹੀ ਛੱਡਾਂ...ਕੁਝ ਤਾਂ ਭਾਰ ਹੌਲਾ ਹੋਵੇ, ਪਰ ਉਸ ਅੱਖਾਂ ਵਾਲੀ ਕਮਬਖ਼ਤ ਭਰਜਾਈ ਦਾ ਕੀ ਕਰਦਾ, ਜਿਹੜੀ ਘਿਓ ਦਾ ਕੌਲ ਖਾਲੀ ਕਰਨ ਤੋਂ ਬਾਦ ਟੋਕਰੇ ਵਰਗਾ ਮੂੰਹ ਲੁਕਾਈ ਮੇਰੇ ਲਾਗੇ ਪਥੱਲਾ ਮਾਰੀ ਬੈਠੀ ਸੀ।

ਚਿੜੀ-ਚੋਗੇ ਵਾਂਗ ਮੈਂ ਇਕ, ਇਕ ਸੇਵੀ ਮੂੰਹ ਵਿਚ ਪਾ ਕੇ, ਚਿੱਥ ਚਿੱਥ ਕੇ ਲੰਘਾਉਣ ਦੀ ਕੋਸ਼ਿਸ਼ ਕਰ ਰਿਹਾ



Sri Satguru Jagjit Singh Ji eLibrary NamdhariElibrary@gmail.com

ਸਾਂ, ਕਿ ਉਹ ਉਠ ਕੇ ਅੰਦਰ ਚਲੀ ਗਈ। ਮੈਂ ਕਾਹਲੀ ਨਾਲ ਸੱਜੇ ਖੱਬੇ ਤਕਿਆ ਕਿ ਕਿਹੜੇ ਪਾਸੇ ਰੁਗ ਸੁਟਾਂ। ਪਿਛਲੀ ਕੰਧ ਦੀ ਨੁਕਰੇ ਇਕ ਤੰਦੂਰ ਲਗਾ ਹੋਇਆ ਸੀ, ਮੈਂ ਸੋਚਿਆ, ਇਹੋ ਠੀਕ ਹੈ। ਰਾਤ ਨੂੰ ਕਿਤੇ ਮੌਕਾ ਮਿਲਿਆ ਤਾਂ ਸੁਆਹ ਨੂੰ ਹੇਠਾਂ ਉਤਾਹ ਕਰਕੇ ਢੱਕ ਛਡਾਂਗਾ, ਬਸ।

ਤੇ ਮੈਂ ਦਿਲ ਪੀਡਾ ਕਰਕੇ ਜਿੰਨੀਆਂ ਕੁ ਸੇਵੀਆਂ ਮੇਰੀ ਲੱਪ ਵਿਚ ਆ ਸਕਦੀਆਂ ਸਨ, ਰੁੱਗ ਭਰ ਲਿਆ। ਹੱਥ ਪਿਛਾਂਹ ਲੈ ਜਾਣ ਲਈ ਥਾਲੀ ਤੋਂ ਚੁਕਿਆ ਹੀ ਸੀ, ਕਿ ਫਿਰ ਉਹ ਭਾਬੀ ਸਿਰ 'ਤੇ ਆ ਧਮਕੀ ਤੇ ਬਿਨਾਂ ਪੁਛਿਆ ਇਕ ਹੋਰ ਪਰੌਂਠਾ ਥਾਲੀ ਵਿਚ ਦੇ ਮਾਰਿਆ।

ਸੇਵੀਆਂ ਮੁੜ ਥਾਲੀ ਦੇ ਹਵਾਲੇ ਕਰਕੇ ਮੈਂ ਹੱਥ ਪੈਰ ਛਡ ਬੈਠਾ—'ਹੁਣ ਖੈਰ ਨਹੀਂ।'

ਅੱਧਾ ਪਚੱਧਾ ਮੁਕਾ ਕੇ ਕਿਸੇ ਤਰ੍ਹਾਂ ਇਸ ਕਾਲ ਰੂਪੀ ਥਾਲ ਤੋਂ ਮੇਰੀ ਖਲਾਸੀ ਹੋਈ, ਪਰ ਹੁਣ ਏਥੋਂ ਉਠ ਕੇ ਮੰਜੇ ਤੀਕ ਜਾਣ ਦੀ ਹਿੰਮਤ ਬਾਕੀ ਨਹੀਂ ਸੀ। ਪੇਟ ਪਾਟਣ ਵਾਲਾ ਹੋ ਰਿਹਾ ਸੀ—ਸਾਹ ਨਾਲ ਸਾਹ ਨਹੀਂ ਸੀ ਰਲਦਾ।

ਅਖੀਰ ਕਿਸੇ ਤਰ੍ਹਾਂ ਇਹ ਮੁਹਿੰਮ ਵੀ ਪੂਰੀ ਹੋਈ ਤੇ ਮੈਂ ਵਿਹੜੇ ਵਿਚ ਵਿਛੇ ਹੋਏ ਬਿਸਤਰੇ 'ਤੇ ਜਾ ਢੱਠਾ। ਘੜੀ ਮੁੜੀ ਆਪਣੇ ਆਪ ਨੂੰ ਫਿਟਕਾਰਦਾਂ ਸਾਂ ਕਿ ਮੈਂ ਜੇ ਮਰਨਾ ਹੀ ਸੀ ਤਾਂ ਘਰ ਜਾ ਕੇ ਕਿਉਂ ਨਾ ਮਰਨ ਦਾ ਇੰਤਜ਼ਾਮ ਕੀਤਾ।

ਜਾਨ ਅਕਲਕਾਦ ਆ ਗਈ। ਸਜਿਓਂ ਖੱਬੇ ਤੇ ਖਬਿਓਂ ਸਜੇ ਉਸਲਵਟੇ ਲੈਂਦਾ ਸਾ, ਪਰ ਕਿਸੇ ਪਾਸੇ ਵੀ ਚੈਨ ਨਹੀਂ ਸੀ ਆਉਂਦਾ। ਅਫਰੇਵਾਂ ਵੱਧਦਾ ਜਾ ਰਿਹਾ ਸੀ ਤੇ ਉਤੋਂ ਆਖਰਾਂ ਦਾ ਵੱਟ। ਮੁੜ੍ਹਕਾ ਵਗ ਵਗ ਕੇ ਵਿਛਾਈ ਭਿਉਂ ਰਿਹਾ ਸੀ। ਪੱਖੀ ਮੇਰੇ ਕੋਲ ਪਈ ਸੀ ਪਰ ਫੜ ਕੇ ਝੱਲਣ ਦੀ ਹਿੰਮਤ ਨਹੀਂ ਸੀ।

ਅੱਧਾ ਪੌਣਾ ਘੰਟਾ ਮੱਛੀ ਵਾਂਗ ਤੜਫਦਿਆਂ ਬੀਤਿਆ ਪਰ ਹੋਰ ਬਰਦਾਸ਼ਤ ਕਰਨ ਦੀ ਹੱਦ ਨਾ ਰਹੀ ਉਠ ਕੇ ਬੈਠ ਗਿਆ ਤੇ ਸੋਚਣ ਲਗਾ, ਜੇ ਕੋਈ 'ਮੁੰਡਾ ਕੁੜੀ ਜਾਗਦਾ ਹੋਵੇ ਤਾਂ ਉਸ ਨੂੰ ਆਖ ਕੇ ਥੋੜ੍ਹੀ ਜਿਹੀ ਜਵੈਣ ਹੀ ਮੰਗਾ ਵੇਖਾਂ ਤਾਂ ਹੀ ਖਬਰ ਕਿ ਫੇਰ ਲੰਮਾ ਘੁੰਡ ਕੱਢੀ ਭਰਜਾਈ ਆ ਮੌਜੂਦ ਹੋਈ। ਮੇਰੀ ਮੌਤ ਵਿਚ ਜਿਹੜੀ ਰਤੀ ਮਾਸਾ ਕਸਰ ਬਾਕੀ ਸੀ, ਸ਼ਾਇਦ ਇਹ ਇਸ ਨੂੰ ਪੂਰਾ ਕਰਨ ਆਈ ਸੀ। ਉਸ ਦੇ ਹਥ ਵਿਚ ਕੰਢਿਆ ਤੀਕ ਭਰਿਆ ਹੋਇਆ ਦੁਧ ਦਾ ਛੰਨਾ ਸੀ।

ਭਰਜਾਈ ਦੀ ਥਾਂ ਜੇ ਕਦੇ ਇਸ ਵੇਲੇ ਮੇਰੀ ਵਹੁਟੀ ਹੁੰਦੀ ਤਾਂ ਇਹੋ ਸੜਦੇ ਸੜਦੇ ਦੁਧ ਦਾ ਛੰਨਾ ਖੋਹ ਕੇ ਉਸ ਦੇ ਮੂੰਹ 'ਤੇ ਚੁਕ ਮਾਰਦਾ, ਪਰ ਕਰਦਾ ਕੀ ਇਹ ਭਰਜਾਈ ਤੇ ਫਿਰ ਭੂਆ ਦੀ ਨੂੰਹ, ਜਿਸ ਨਾਲ ਬੋਲ ਨਾ ਚਾਲ।

ਇਕ ਵੇਰੀ ਇਨਕਾਰ, ਦੂਜੀ ਵੇਰੀ, ਤੀਜੀ ਵੇਰੀ ਪਰ ਭਰਜਾਈ ਨੇ ਬੋਲਣਾ ਥੋੜਾ, ਸੀ, ਹੱਥ ਵਿਚ ਕਟੋਰਾ ਲਈ ਜਿਉਂ ਦੀ ਤਿਉਂ ਖੜ੍ਹੀ ਰਹੀ, ਬੜੀ ਮੁਸੀਬਤ ਬਣੀ।

ਜਦ ਕੋਈ ਪੇਸ਼ ਨਾ ਗਈ, ਤਾਂ ਮੈਨੂੰ ਇਕ ਵਿਉਂਤ ਸੁੱਝੀ ਮੈਂ ਕਟੋਰਾ ਲੈ ਕੇ ਪੈਂਦ ਵਲੋਂ ਖੇਸ ਚੁਕ ਕੇ ਉਥੇ ਟਿਕਾਉਂਦਿਆਂ ਹੋਇਆਂ ਕਿਹਾ -ਮੈਨੂੰ ਠੰਢਾ ਪੀਣ ਦੀ ਆਦਤ ਹੈ।

ਉਹ ਸ਼ਾਇਦ ਆਪਣੇ ਜੇਠ ਨੂੰ ਏਨੀ ਖੇਚਲ ਨਹੀਂ ਸੀ ਦੇਣੀ ਚਾਹੁੰਦੀ, ਜਾਂ ਖਬਰੇ ਇਹ ਖਿਆਲ ਕਰਕੇ ਕਿ ਜੇਠ ਜੀ ਦੁਧ ਪੀਣ ਲਈ ਬਹੁਤ ਉਤਾਵਲੇ ਹੋਣਗੇ, ਭੱਜ ਕੇ ਗੜਵੀ ਚੁਕ ਲਿਆਈ ਤੇ ਫੈਂਟ ਫੈਂਟ ਕੇ ਠੰਢਾ ਕਰਨ ਲਗੀ।

ਛੰਨਾ ਫੇਰ ਮੇਰੇ ਹੱਥ ਵਿਚ। ਖਿਆਲ ਸੀ ਸ਼ਾਇਦ ਫੜਾ ਕੇ ਤੁਰਦੀ ਬਣੇਗੀ, ਪਰ ਸੱਸ ਨੇ ਸ਼ਾਇਦ ਉਹਨੂੰ ਚਿਤਾਵਨੀ ਕਰਕੇ ਭੇਜਿਆ ਸੀ ਕਿ ਖਾਲੀ ਛੰਨਾ ਲੈ ਕੇ ਨਾ ਮੁੜੇ।

ਇਸ ਵੇਲੇ ਜੇ ਕਦੇ ਛੰਨੇ ਦੀ ਥਾਂ ਮੈਨੂੰ ਕੋਈ ਸੰਖੀਏ ਦੀ ਗੋਲੀ ਦੇ ਦੇਂਦਾ, ਤਾਂ ਨਿਸਚੇ ਹੀ ਮੈਂ ਓਸੇ ਨੂੰ ਇਸ ਉਤੇ ਤਰਜੀਹ ਦੇਂਦਾ।

ਇਕ ਘੁਟ, ਦੋ ਘੁਟ, ਚਾਰ ਘੁਟ...ਪਰ ਕੀ ਏਸ ਤਰ੍ਹਾਂ ਇਹ ਛੱਪੜ ਜਿੱਡਾ ਛੰਨਾ ਮੁਕਣ ਵਾਲਾ ਸੀ ?

'ਖਸਮ ਨੂੰ ਖਾ ਗਿਆ ਇਹੋ ਜਿਹਾ ਸੰਕੋਚ...ਮੇਰੀ ਨਹੀਂ ਸਲਾਹ ਹਾਲੇ ਮਰਨ ਦੀ', ਦਿਲ ਵਿਚ ਇਹ ਸੋਚ ਕੇ ਮੈਂ 'ਬੱਸ' ਕਹਿੰਦਿਆਂ ਹੋਇਆਂ ਛੰਨਾ ਉਸ ਵਲ ਵਧਾਇਆ, ਪਰ ਉਹ ਫੜਨ ਦੀ ਬਜਾਏ ਇਕ ਦੋ ਕਦਮ ਪਿਛਾਂਹ ਹਟ ਗਈ। ਮਾਨੋ ਇਸ ਦੀ ਛੁਹ ਨਾਲ ਭਿਟ ਜਾਏਗੀ। ਢੀਠਪੁਣੇ ਦੇ ਤਾਣ ਮੈਂ ਹੱਥ ਪਿਛਾਂਹ ਖਿਚਿਆ। ਗੁਸੇ ਤੇ ਤਕਲੀਫ ਨਾਲ ਮੈਂ ਪਾਗਲ ਹੋ ਰਿਹਾ ਸਾਂ। 'ਹੱਛਾ ਜ਼ਰਾ ਠਹਿਰ ਕੇ ਪੀਆਂਗਾ' ਕਹਿ ਕੇ ਮੈਂ ਛੰਨੇ ਨੂੰ ਜਾਣ ਬੁਝ ਕੇ ਪੈਂਦ ਵਲ ਦੀ ਹੀਹ 'ਤੇ ਰਖ ਦਿਤਾ। ਹੀਹ ਇਤਨੀ ਚੌੜੀ ਨਹੀਂ ਸੀ ਕਿ ਇਸ ਪਰਾਤ ਜਿਡੇ ਛੰਨੇ ਨੂੰ ਝੱਲ ਸਕਦੀ। 'ਠੰਨ' ਕਰਦਾ ਛੰਨਾ ਭੁੰਜੇ ਜਾ ਪਿਆ...ਦੁਧ ਡੁਲ੍ਹ ਗਿਆ !

'ਓਹ...ਹੋ !' ਕਹਿ ਕੇ ਮੈਂ ਛੰਨਾ ਭੁੰਜਿਓਂ ਚੁਕਿਆ ਤੇ ਭਰਜਾਈ ਨੇ ਝਟ ਮੇਰੇ ਹੱਥੋਂ ਫੜ ਲਿਆ।



Sri Satguru Jagjit Singh Ji eLibrary NamdhariElibrary@gmail.com

"ਕੀ ਹੋਇਆ ਕੁੜੇ ?" ਕਹਿੰਦੀ ਹੋਈ ਭੂਆ ਆਪਣੀ ਡੰਗੋਰੀ ਖੜਕਾਂਦੀ ਮੇਰੇ ਪਾਸ ਆ ਪੁਜੀ ।

"ਕੁਝ ਨਹੀਂ", ਦੁਧ ਡੁਲ੍ਹ ਗਿਆ ਏ", ਨੂੰਹ ਨੇ ਸ਼ਰਮਿੰਦਗੀ ਭਰੀ ਨੀਵੀਂ ਆਵਾਜ਼ ਵਿਚ ਕਿਹਾ ।

"ਤੇ ਫਿਰ ਕੀ ਹੋਇਆ, ਦੁਧ ਦਾ ਕਾਲ ਏ ?...ਜਾਹ ਹੋਰ ਲੈ ਆ ਜਾ ਕੇ" ਕਹਿੰਦੀ ਹੋਈ ਭੂਆ ਮੇਰੇ ਕੋਲ ਆ ਬੈਠੀ—"ਮੈਂ ਆਖਿਆ ਦੋ ਘੜੀਆਂ ਬਹਿ ਕੇ ਦੁਖ ਸੁਖ ਦੀਆਂ ਗੱਲਾਂ ਕਰਾਂਗੀ, ਫਿਰ ਸੋਚਿਆ ਥਕਿਆ ਹੋਵੇਗਾ ਕਾਹਨੂੰ ਔਖਿਆਂ ਕਰਾਂ ਸੂ ਰਮਾਣ ਕਰ ਲਵੇ ਦੋ ਘੜੀਆਂ ।"

ਮੈਂ ਦਿਲ ਵਿਚ ਆਖਿਆ—"ਭੂਆ, ਹੁਣ ਤੂੰ ਜ਼ਰੂਰ ਹਰਦੁਆਰ ਦਾ ਇਸ਼ਨਾਨ ਕਰੇਂਗੀ ।" ਏਸ ਵੇਲੇ ਨੂੰਹ ਨੇ ਆ ਕੇ ਸੱਸ ਦੇ ਕੰਨ ਵਿਚ ਕੁਝ ਕਿਹਾ, ਤੇ ਭੂਆ ਨੇ ਗੁਸੇ ਨਾਲ ਉੱਤਰ ਦਿਤਾ—"ਕੀ ਆਖਿਆ ਈ ਜਾਗ ਲਾ ਛੱਡੀ ਏ ? ਸਾਰੇ ਨੂੰ ਈ ? ਹਾਏ ਹਾਏ ਰੱਬਾ ਮੈਂ ਕਿਹੀ ਸੜ ਗਈ ਆਂ ਏਸ ਹੱਥੋਂ । ਸਾਰੇ ਦੁਧ ਨੂੰ ਕਾਹਨੂੰ ਜਾਗ ਫੂਕਣੀ ਸੀ । ਮੁੰਡਾ ਵਿਚਾਰਾ ਹੁਣ ਝਾਟਾ ਪੀਵੇਗਾ ਮੇਰਾ ? ਸਵੇਰ ਦਾ ਭੁਖਾ-ਭਾਣਾ ਸੰਧਿਆ ਵੇਲੇ ਦੇ ਦੋ ਫੁਲਕੇ ਖਾਧੇ ਸੂ, ਉਤੋਂ ਸੌਤਾ ਪਿਆ ਏ । ਇਹਨੇ ਵਿਚਾਰੇ ਨੇ ਕੋਈ ਰੋਜ਼ ਰੋਜ਼ ਆਉਣਾ ਸੀ ਸਾਡੇ ਘਰ ? ਜਾਹ ਜਾ ਕੇ ਰਾਮੇ ਕਿਆਂ ਦੇ ਘਰੋਂ ਦੁਧ ਦਾ ਛੰਨਾ ਲੈ ਆ ।"

"ਨਾ ਭੂਆ ਜੀ, ਤੁਹਾਨੂੰ ਮੇਰੇ ਸਿਰ ਦੀ ਸਹੁੰ, ਜੇ ਦੁਧ ਨੂੰ ਭੇਜੋ ।" ਮੈਂ ਤਰਲੇ ਨਾਲ ਕਿਹਾ ।

"...ਲੈ ਹੋਰ ਸੁਣ" ਭੂਆ ਪਿਆਰ ਭਰੀ ਘੁਰਕੀ ਨਾਲ ਬੋਲੀ—"ਏਹ ਵੀ ਕੋਈ ਰਾਹ ਪਿਆ ਏ । ਸਵਰ ਦਾ ਭੁਖਣ-ਭਾਣਾ । ਮਾਂ ਸਦਕੇ, ਸ਼ਰਮ ਕਿਹੜੀ ਗੱਲ ਦੀ ਕਰਨੀ ਹੋਈ ਇਹ ਕੋਈ ਬਗਾਨਾ ਘਰ ਏ ? ਜੀਓ ਜਾਗੋ ਮੈਂ ਤੇ ਸਹਿਕ ਸਹਿਕ ਕੈ ਲਿਆ ਸੀ ਤੈਨੂੰ । ਤਿੰਨਾਂ ਘਰਾਂ ਵਿਚੋਂ ਤੂੰਹੀਓਂ ਤੇ ਵੱਡਿਆਂ ਦੀ ਨਿਸ਼ਾਨੀ ਏਂ । ਪੁਤਰ ਕਿਹੜੇ ਕਿਹੜੇ ਜਫਰ ਨੇ ਜਿਹੜੇ ਤੈਨੂੰ ਲੈਣ ਲਈ ਅਸੀਂ ਨਹੀਂ ਜਾਲੇ ਹੋਣੇ । ਤਿੰਨ ਭਰਾ ਸਨ ਸੁਖ ਨਾਲ ਤੇਰੇ ਭਾਈਏ ਹੋਣੀਂ । ਪਹਿਲਾਂ ਮੰਨਤਾਂ ਮੰਨ ਕੇ ਵੱਡਾ ਵਿਆਹਿਆ, ਵਿਚਾਰਾ ਖਾਰਿਓਂ ਵੀ ਨਹੀਂ ਸੀ ਲੱਥਾ, ਰੰਡਾ ਹੋ ਬੈਠਾ । ਮੁੜ ਮਰਦਾ ਮਰ ਗਿਆ, ਬੂਹਾ ਨਾ ਖੁਲਿਆ । ਓਦੂੰ ਨਿਕਾ ਸੀ ਦੌਲਤ ਸੁੰਹ ਤੇਰਾ ਤਾਇਆ । ਸੁਰਗਾਂ 'ਚ ਵਾਸਾ ਹੋਵੇ ਸੁ, ਧਰਤੀ 'ਤੇ ਲੱਤ ਦਿਤਿਆਂ ਪਾਣੀ ਆਉਂਦਾ ਸੀ ਕੜੀ ਵਰਗਾ ਜੁਆਨ ਤੇ ਡਾਢਾ ਹੀ ਸੁਨੱਖਾ । ਭੈੜੀ ਮੌਤ ਨੇ ਟਹਿਕਦਾ ਫੁਲ ਤੋੜ ਲਿਆ ਤੇ ਭੂਆ ਦੇ ਅਥਰੂ ਵਗ ਵਗ ਕੇ ਉਸ ਦੀਆਂ ਗਲ੍ਹਾਂ ਦੇ ਟੋਇਆਂ ਵਿਚ ਭਰਨ ਲਗੇ ।

ਭਰਜਾਈ ਚਲੀ ਜਾ ਚੁਕੀ ਸੀ ਤੇ ਭੂਆ ਦੀ ਜੀਵਨ ਕਥਾ ਬਰਾਬਰ ਸ਼ੁਰੂ ਸੀ । ਭਾਵੇਂ ਉਸ ਦੀ ਇਹ ਕਥਾ ਬੜੀ ਦਿਲਚਸਪ ਤੇ ਕਰੁਣਾ-ਭਰਪੂਰ ਸੀ, ਪਰ ਮੇਰਾ ਖਹੁਤਾ ਖਿਆਲ ਆਪਣੀ ਮੌਤ ਦੇ ਸੁਨੇਹੇ ਉਸ ਛੰਨੇ ਵਲ ਸੀ ।

ਭੂਆ ਬੋਲਦੀ ਗਈ ..."ਵਿਆਹੇ ਨੂੰ ਵਰ੍ਹਾ ਵੀ ਨਹੀਂ ਸੀ ਬੀਤਿਆ-ਬੂਹੇ ਨਾਲ ਬੰਨੇ ਹੋਏ ਸ਼ਰੀਂਹ ਵੀ ਨਹੀਂ ਸੀ ਸਕੇ ਜੁ ਮੌਤ ਭੈੜੀ ਨੇ ਨਿਗਲ ਲਿਆ । ਚੱਪੇ ਜਿੰਨੀ ਵਹੁਟੀ ਬੂਹੇ 'ਤੇ ਬਹਿ ਗਈ । ਸਭਨਾਂ ਤੋਂ ਛੋਟਾ ਸੀ ਤੇਰਾ ਪਿਉ । ਜਿਉਂ ਵਿਆਹਿਆ ਅੱਠ ਵਰ੍ਹੇ ਬੀਤ ਗਏ, ਵੇਲ ਖੂੰਆਂ ਨਾ ਪਿਆ । ਵੇ ਪੁਤ, ਕੋਈ ਥਾਂ ਨਾ ਛਡਿਆ, ਕੋਈ ਪੀਰ ਫਕੀਰ ਨਾ ਛਡਿਆ । ਹਨੂਮਾਨ ਦੇ ਜਾਗੇ ਕੀਤੇ, ਭੈਰੋਂ ਦੀਆਂ ਕੰਜਕਾਂ ਜਿਵਾਈਆਂ, ਪੀਰਾਂ ਦੀ ਸ਼ੀਰਨੀ ਚੜ੍ਹਾਈ, ਬਾਵੇ ਕੰਬਲੀ ਵਾਲੇ ਦਾ ਰੋਟ ਦਿਤਾ । ਇਕ ਕੀਤੀ ਸੀ ਅਸਾਂ ? ਪੁਤ ! ਬਾਰ੍ਹਾਂ ਬਾਰ੍ਹਾਂ ਕੋਹਾਂ ਵਿਚ ਜਿਥੇ ਕਿਸੇ ਦੱਸ ਪਾਈ, ਭੱਜੇ ਗਏ ਪਰ ਝੋਲੀ ਖੈਰ ਕਿਤੇ ਨਾ ਪਿਆ । ਛੇਕੜ ਦੀ ਬਾਕੀ ਪੀਰ ਦੀਨੇ ਸ਼ਾਹ ਦੀ ਖਾਨਗਾਹ 'ਤੇ ਸੁਖਣਾ ਸੁਖੀ, ਤਾਂ ਕਿਤੇ ਸਾਡੀ ਬਹੁੜੀ ਕਬੂਲ ਪਈ ਤੇ ਮਸੇ ਮਸੇ ਤੇਰਾ ਮੂੰਹ ਵੇਖਿਆ । ਪੁਤ ! ਇਹ ਸੂਰਤਾਂ ਕੋਈ ਨਿੱਤ-ਨਿੱਤ ਪਈਆਂ ਲੱਭਦੀਆਂ ਨੇ ?" ਤੇ ਉਹ ਫਿਰ ਮੇਰਾ ਮੂੰਹ ਚੁੰਮਣ ਲਗ ਪਈ ।

ਮੇਰੇ ਕੰਨ ਭੂਆ ਵਲ ਸਨ, ਪਰ ਧਿਆਨ ਬੂਹੇ ਵਲ ਸੀ । ਭਰਜਾਈ ਆ ਗਈ, ਤੇ ਮੈਂ ਰੱਬ ਦਾ ਸ਼ੁਕਰ ਕੀਤਾ । ਖਾਲੀ ਕਟੋਰਾ ਉਸ ਦੇ ਹੱਥ ਵਿਚ ਸੀ ..ਤੇ ਸੱਸ ਨੂੰ ਬੜੀ ਨਿਰਾਸ ਆਵਾਜ਼ ਨਾਲ ਕਹਿਣ ਲਗੀ—"ਉਨ੍ਹਾਂ ਦੀ ਤੇ ਅੱਜ ਕੱਟੀ ਚੁੰਘ ਗਈ ਏ ।"

ਸੁਣਦਿਆਂ ਸਾਰ ਭੂਆ ਬੇਵਸੀ ਬੋਲ ਉਠੀ—"ਬਸ ! ਲਗ ਗਈ ਅੱਗ ਹੁਣ ਸਾਰ ਪਿੰਡ ਨੂੰ ! ਔਂਤਰਾ ਓਹੀਓ ਦੁਧ, ਜਿਨੂੰ ਕੁਤੇ ਨਹੀਂ ਕਬੂਲਦੇ, ਅਜ਼ ਕਾਲ ਪੈ ਗਿਆ ਏ । ਮੁੰਡਾ ਆਖੇਗਾ ਕਿਹੇ ਚੰਦਰੇ ਘਰ ਆ ਵੜਿਆ ਵਾਂ ਜੁ ਦੁਧ ਦੀ ਛਿੱਟ ਵੀ ਨਹੀਂ ਜੁੜਦੀ ।"

ਤੇ ਉਹ ਸ਼ਰਮਿੰਦਗੀ ਤੇ ਰਹਿਮ ਭਰੇ ਭਾਵਾਂ ਨਾਲ ਮੇਰੀ ਪਿੱਠ ਉਤੇ ਹੱਥ ਫੇਰਦੀ ਹੋਈ ਬੋਲੀ—"ਤੇ ਕਾਕਾ ਭੁਖਾ ਹੀ ਸਵੇਂਗਾ ਹੁਣ ? ਹਾਏ ਮਾਂ ਸਦਕੇ ! ਕਿਹਾ ਰਮਾਣ ਪਿਆ ਲਗਦਾ ਏ ਮੈਨੂੰ ।"

ਪਰ ਮੈਂ ਭੁੰਜੇ ਡੁਲ੍ਹੇ ਹੋਏ ਦੁਧ ਵਲ ਤੱਕਦਾ ਹੋਇਆ ਦਿਲ ਵਿਚ ਕਹਿ ਰਿਹਾ ਸਾਂ :

"ਭਲਾ ਹੋਇਆ ਮੇਰਾ ਚਰਖਾ ਟੁੱਟਾ,
ਜਿੰਦ ਅਜਾਬੋਂ ਛੁਟੀ ।"

(ਣ:ਣ:)



Sri Satguru Jagjit Singh Ji eLibrary NamdhariElibrary@gmail.com

# ਸ: ਨਾਨਕ ਸਿੰਘ ਨਾਲ ਕੁਝ ਯਾਦਾਂ

—ਜਸਵੰਤ ਸਿੰਘ ਘਰਿੰਡਾ

ਮੈਂ ਪੰਜਾਬ ਆਰਮਡ ਪੁਲਸ ਵਿਚ ਭਰਤੀ ਸਾਂ। ੧੯੬੧ ਵਿਚ ਮੇਰੀ ਬਦਲੀ ਨਯਾ ਨੰਗਲ ਤੋਂ ਭੈਣੀ ਦਿਲਾਵਰ (ਫਾਜ਼ਿਲਕਾ) ਹੋ ਗਈ। ਨਯਾ ਨੰਗਲ ਦੇ ਮੁਕਾਬਲੇ ਇਹ ਜਗ੍ਹਾ ਬੇਟ ਦਾ ਇਲਾਕਾ ਸੀ। ਇਹ ਚੌਕੀ ਦਰਿਆ ਸਤਲੁਜ ਤੋਂ ਪਾਰ ਸੀ ਅਤੇ ਇਸ ਦੇ ਤਿੰਨ ਪਾਸੇ ਪਾਕਿਸਤਾਨ ਦੀ ਹੱਦ ਲਗਦੀ ਸੀ। ਕੋਈ ਰੌਣਕ ਆਦਿ ਨਾ ਹੋਣ ਕਰਕੇ ਮੇਰਾ ਜੀ ਉਦਾਸ ਰਹਿਣ ਲਗਾ। ਮੈਂ ਨੌਕਰੀ ਛਡ ਦੇਣ ਦਾ ਮਨ ਬਣਾ ਲਿਆ। ਫਾਜ਼ਿਲਕਾ ਸੈਕਟਰ ਦੇ ਡੀ.ਐਸ.ਪੀ. ਓਮ ਪ੍ਰਕਾਸ਼ ਚੱਢਾ ਸਾਡੀ ਚੌਕੀ ਦਾ ਮੁਆਇਨਾ ਕਰਨ ਆਇਆ ਤਾਂ ਮੈਂ ਉਸ ਅਗੇ ਆਪਣਾ ਅਸਤੀਫ਼ਾ ਪੇਸ਼ ਕਰ ਦਿਤਾ। ਉਸ ਨੇ ਮੈਨੂੰ ਪੁਛਿਆ, "ਕਾਕਾ ਤੂੰ ਨੌਕਰੀ ਕਿਉਂ ਛਡ ਰਿਹਾ ਹੈਂ?" ਮੈਂ ਕਿਹਾ, "ਸਾਹਿਬ, ਮੇਰਾ ਇਥੇ ਜੀ ਨਹੀਂ ਲਗਦਾ।" ਉਸ ਨੇ ਚੌਂਕੀ ਇੰਚਾਰਜ ਨੂੰ ਉਸੇ ਵੇਲੇ ਹੁਕਮ ਕੀਤਾ, "ਤੂੰ ਇਸ ਮੁੰਡੇ ਨੂੰ ਡਿਊਟੀ ਤੋਂ ਬਾਦ ਫਾਜ਼ਿਲਕਾ ਫਿਰ-ਤੁਰ ਆਉਣ ਦਿਆ ਕਰ।"

ਮੈਂ ਫਾਜ਼ਿਲਕਾ ਚਲੇ ਜਾਣਾ ਅਤੇ ਬਾਜ਼ਾਰ ਦਾ ਰੌਣਕ ਮੇਲਾ ਵੇਖਕੇ ਵਾਪਸ ਆ ਜਾਣਾ। ਇਕ ਦਿਨ ਮੈਂ ਬੱਸ ਅੱਡੇ ਵਾਲੇ ਬੁੱਕ ਸਟਾਲ 'ਤੇ ਗਿਆ। ਉਥੋਂ ਮੈਂ 'ਪ੍ਰੀਤਲੜੀ' ਰਸਾਲਾ ਖਰੀਦ ਲਿਆ। ਚੌਂਕੀ ਆ ਕੇ ਮੈਂ ਸਾਰੀ ਪ੍ਰੀਤਲੜੀ ਪੜ੍ਹੀ। ਇਸ ਵਿਚੋਂ ਮੈਨੂੰ 'ਮੇਰੇ ਝਰੋਖੇ 'ਚੋਂ' ਕਾਲਮ ਅਤੇ ਗੁਰਬਖਸ਼ ਸਿੰਘ ਦੇ ਜਾਣਕਾਰੀ ਭਰਪੂਰ ਲੇਖ ਬੜੇ ਚੰਗੇ ਲਗੇ। ਮੈਂ 'ਪ੍ਰੀਤਲੜੀ' ਦਾ ਪੱਕਾ ਪਾਠਕ ਬਣ ਗਿਆ। ਹਰ ਮਹੀਨੇ ਮੈਂ ਪ੍ਰੀਤਲੜੀ ਨੂੰ ਬੜੀ ਬੇਸਬਰੀ ਨਾਲ ਉਡੀਕਦਾ ਰਹਿੰਦਾ। ਪ੍ਰੀਤਲੜੀ ਦੇ ਪਿਛਲੇ ਪਾਸੇ ਗੁਰਬਖਸ਼ ਸਿੰਘ, ਨਾਨਕ ਸਿੰਘ ਤੇ ਹੋਰ ਨਾਮਵਰ ਲੇਖਕਾਂ ਦੀਆਂ ਕਿਤਾਬਾਂ ਦੀ ਸੂਚੀ ਦਿਤੀ ਹੁੰਦੀ ਸੀ। ਮੈਂ ਉਹਨਾਂ 'ਚੋਂ—ਅਣਵਿਆਹੀ ਮਾਂ, ਚਿੱਟਾ ਲਹੂ, ਦੂਰ ਕਿਨਾਰਾ, ਪਵਿਤਰ ਪਾਪੀ, ਇਕ ਮਿਆਨ ਦੋ ਤਲਵਾਰਾਂ, ਆਸਤਕ ਨਾਸਤਕ, ਕੋਈ ਹਰਿਆ ਬੂਟ ਰਹਿਓ ਰੀ—ਆਦਿ ਕਿਤਾਬਾਂ ਪੜ੍ਹ ਲਈਆਂ।

ਜੂਨ ੧੯੬੨ ਵਿਚ ਮੇਰਾ ਅਸਤੀਫ਼ਾ ਪ੍ਰਵਾਨ ਹੋ ਗਿਆ। ਮੈਂ ਪਿੰਡ ਆ ਕੇ ਜੇ.ਬੀ.ਟੀ. ਵਿਚ ਗੌਰਮਿੰਟ ਬੇਸਿਕ ਟਰੇਨਿੰਗ ਸਕੂਲ ਸਰਹਾਲੀ (ਅੰਮ੍ਰਿਤਸਰ) ਵਿਖੇ ਦਾਖਲ ਹੋ ਗਿਆ। ਇਥੇ ਮੇਰਾ ਮੇਲ ਸੁਪ੍ਰਸਿਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨਾਲ ਹੋਇਆ। ਉਹਨਾਂ ਦੀਆਂ ਕੁਝ ਕਹਾਣੀਆਂ ਅਕਾਲੀ ਪੱਤ੍ਰਿਕਾ ਵਿਚ ਛਪੀਆਂ ਸਨ, ਜੋ ਉਹਨਾਂ ਆਪਣੇ ਟਰੰਕ ਵਿਚ ਸਾਂਭ ਕੇ ਰਖੀਆਂ ਸਨ—ਭੈਣ ਭਰਾ, ਵਿਸਾਹਘਾਤ ਅਤੇ ਗੰਡ ਦੇ ਦਵਾਲੇ ਆਦਿ ਕਹਾਣੀਆਂ—ਮੈਂ ਇਕ-ਇਕ ਕਰਕੇ ਪੜ੍ਹ ਲਈਆਂ। ਅਸਾਂ ਦੋਵਾਂ ਨੇ 'ਮੇਰੇ ਝਰੋਖੇ 'ਚੋਂ' ਕਾਲਮ ਵਿਚ ਬਾਬਾ ਦੀਪ ਸਿੰਘ ਦੇ ਸੀਸ ਤਲੀ 'ਤੇ ਧਰਕੇ ਲੜਨ ਸਬੰਧੀ ਸਵਾਲ ਸ: ਗੁਰਬਖਸ਼ ਸਿੰਘ ਹੋਰਾਂ ਨੂੰ ਭੇਜਿਆ, ਜਿਸਦਾ ਉੱਤਰ ਪ੍ਰੀਤਲੜੀ ਵਿਚ ਛਪਿਆ। ਇਸ ਤਰ੍ਹਾਂ ਸਾਹਿਤ ਪੜ੍ਹਨ ਦੀ ਮੈਨੂੰ ਲਗਨ ਲਗ ਗਈ ਅਤੇ ਮੈਂ ਸ: ਨਾਨਕ ਸਿੰਘ ਅਤੇ ਸ: ਗੁਰਬਖਸ਼ ਸਿੰਘ ਦਾ ਪ੍ਰਸ਼ੰਸਕ ਬਣ ਗਿਆ।

ਜੇ.ਬੀ.ਟੀ. ਕਰਨ ਤੋਂ ਬਾਦ ਮੈਂ ਟੀਚਰ ਲੱਗ ਗਿਆ। ਇਹਨਾਂ ਦੋਹਾਂ ਲੇਖਕਾਂ ਨੂੰ ਮਿਲਣ ਲਈ ਮੈਂ ਪ੍ਰੀਤ ਨਗਰ ਜਾਣ ਦਾ ਪ੍ਰੋਗਰਾਮ ਬਣਾਇਆ। ਮੈਂ ਅਤੇ ਮੇਰੇ ਅਧਿਆਪਕ ਦੋਸਤ ਸਾਈਕਲਾਂ 'ਤੇ ਪ੍ਰੀਤ ਨਗਰ ਗਏ। ਪਹਿਲਾਂ ਅਸੀਂ ਸਰਦਾਰ ਗੁਰਬਖਸ਼ ਸਿੰਘ ਦੀ ਕੋਠੀ ਗਏ। ਅਸੀਂ ਉਹਨਾਂ ਦੇ ਨੌਕਰ ਨੂੰ ਕਿਹਾ ਕਿ ਅਸਾਂ ਸਰਦਾਰ ਹੁਰਾਂ ਨੂੰ ਮਿਲਣਾ ਹੈ। ਨੌਕਰ ਨੇ ਉੱਤਰ ਦਿਤਾ ਕਿ ਸਰਦਾਰ ਹੋਰੀਂ ਆਰਾਮ ਕਰ ਰਹੇ ਹਨ। ਸਾਡੇ ਉਥੇ ਖਲੋਤਿਆਂ ਹੀ ਕੁਝ ਬੰਦੇ ਕਾਰ ਤੇ ਉਹਨਾਂ ਨੂੰ ਮਿਲਣ ਆਏ। ਕਾਰ ਦੀ ਆਵਾਜ਼ ਸੁਣ ਕੇ 'ਦਾਰ ਜੀ' ਜਾਲੀਆਂ 'ਚੋਂ ਵੇਖਕੇ ਬਾਹਰ ਆ ਗਏ। ਉਹਨਾਂ ਕਾਰ ਵਾਲਿਆਂ ਦਾ ਸਵਾਗਤ ਕੀਤਾ ਅਤੇ ਅੰਦਰ ਆਉਣ ਲਈ ਕਿਹਾ। ਅਸੀਂ ਵੀ ਉਹਨਾਂ ਸਾਲ ਉਨ੍ਹਾਂ ਦੇ ਡਰਾਇੰਗ ਰੂਮ ਵਿਚ ਚਲੇ ਗਏ। ਉਹਨਾਂ ਨਾਲ ਸਾਹਿਤ ਬਾਰੇ, ਪ੍ਰੀਤਲੜੀ ਬਾਰੇ ਅਤੇ ਸਿਆਸਤ ਬਾਰੇ ਸਵਾਲ-ਜਵਾਬ ਹੁੰਦੇ ਰਹੇ। ਇਸ ਦੌਰਾਨ ਉਹਨਾਂ ਸਾਨੂੰ ਚਾਹ-ਪਾਣੀ ਰਸਮੀ ਤੌਰ ਤੇ ਵੀ ਨਾ ਪੁਛਿਆ।

ਫਿਰ ਅਸੀਂ ਸ. ਨਾਨਕ ਸਿੰਘ ਹੁਰਾਂ ਨੂੰ ਮਿਲਣ ਉਹਨਾਂ ਦੀ ਰਿਹਾਇਸ਼ 'ਰਾਜ ਭਵਨ' ਗਏ। ਉਹ ਆਪਣੀ ਬੈਠਕ ਵਿਚ ਮੰਜੇ ਤੇ ਬਿਸਤਰੇ ਦੀ ਢੋ ਲਾਕੇ ਕੁਝ ਲਿਖ ਰਹੇ ਸਨ। ਸਾਨੂੰ ਵੇਖਕੇ ਬਾਹਰ ਆ ਕੇ ਸਾਡਾ ਸਾਰਿਆਂ ਦਾ ਸਵਾਗਤ ਕੀਤਾ। ਆਪਣੀ ਬੈਠਕ ਵਿਚ ਲੈ ਗਏ। ਸਾਨੂੰ ਕੁਰਸੀਆਂ ਤੇ ਬਿਠਾ ਲਿਆ ਅਤੇ ਆਪ ਮੰਜੇ ਤੇ ਬੈਠ ਗਏ। ਉਹ ਸਾਨੂੰ ਮਿਲ ਕੇ ਬੜੇ ਖੁਸ਼ ਹੋਏ ਅਤੇ ਕਿਹਾ, "ਜੇ ਤਕੱਲਫ ਨਾ ਮੰਨੋਂ ਤਾਂ ਕੱਪ ਕੱਪ ਚਾਹ ਹੋ ਜਾਏ।" ਅਸਾਂ ਕਿਹਾ,



Sri Satguru Jagjit Singh Ji eLibrary NamdhariElibrary@gmail.com

"ਨਹੀਂ...ਅਸੀਂ ਤਾਂ ਤੁਹਾਡੇ ਦਰਸ਼ਨ ਕਰਨ ਆਏ ਹਾਂ ਅਤੇ ਤੁਹਾਡੇ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦੇ ਹਾਂ।" ਉਹਨਾਂ ਕਿਹਾ, "ਜਿਹੜਾ ਤੁਹਾਡਾ ਲੀਡਰ ਹੈ ਉਹ ਮੇਰੇ ਪਾਸ ਬੈਠ ਜਾਏ, ਕਿਉਂਕਿ ਮੈਨੂੰ ਉੱਚਾ ਸੁਣੀਂਦਾ ਹੈ।" ਮੈਂ ਉਹਨਾਂ ਦੇ ਪਾਸ ਬੈਠ ਗਿਆ।

ਉਹਨਾਂ ਨੂੰ ਪਹਿਲਾ ਸਵਾਲ ਕੀਤਾ—"ਜਦੋਂ ਤੁਸੀਂ ਹੰਸ ਰਾਜ ਤੋਂ ਨਾਨਕ ਸਿੰਘ ਬਣੇ . ਕੀ ਤੁਹਾਡਾ ਸਿੱਖ ਧਰਮ ਵਿਚ ਓਨਾ ਹੀ ਵਿਸ਼ਵਾਸ ਹੈ ਜਿੰਨਾ ਸਿੰਘ ਸਜਣ ਵੇਲੇ ਸੀ?"

ਉਹਨਾਂ ਦਾ ਉੱਤਰ ਸੀ—"ਹਾਂ। ਮੈਂ ਉਦੋਂ ਤੋਂ ਲੈ ਕੇ ਹੁਣ ਤਕ ਪੰਜਾਂ ਬਾਣੀਆਂ ਦਾ ਪਾਠ ਕਰਦਾ ਆ ਰਿਹਾ ਹਾਂ। ਮੈਂ ਗਿਆਨੀ ਬਾਗ ਸਿੰਘ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣਿਆ ਸਾਂ। ਉਹਨਾਂ ਦਿਨਾਂ ਵਿਚ ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰਾਂ ਆਪਣੀਆਂ ਆਪਣੀਆਂ ਸਟੇਜਾਂ ਤੋਂ ਇਕ ਦੂਜੇ ਦੇ ਧਾਰਮਿਕ ਨੇਤਾਵਾਂ ਦੇ ਖਿਲਾਫ ਭੰਡੀ ਪ੍ਰਚਾਰ ਕਰਦੀਆਂ ਸਨ। ਮੇਰੇ ਵਿਚ ਵੀ ਕਟੜਤਾ ਆਈ। ਇਕ ਰਾਤ ਇਕ ਹਿੰਦੂ ਸਜਣ ਨੇ ਸਾਡੇ ਕਮਰੇ ਦਾ ਬੂਹਾ ਖੜਕਾਇਆ ਅਤੇ ਰਸਤਾ ਪੁਛਿਆ। ਅਸੀਂ ਆ ਵੇਖਿਆ ਨਾ ਤਾਅ ਉਸ ਨੂੰ ਖੂਬ ਕੁਟਾਪਾ ਚਾੜ੍ਹਿਆ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਕੁਟਾਪਾ ਚਾੜ੍ਹਨ ਤੋਂ ਬਾਦ ਅਸੀਂ ਉਹਨੂੰ ਬਾਹਰ ਸੜਕ ਤੇ ਸੁਟ ਦਿਤਾ ਅਤੇ ਆਪ ਸੌਂ ਗਏ। ਸਵੇਰੇ ਸਵਖਤੇ ਕਿਸੇ ਨੇ ਸਾਡਾ ਬੂਹਾ ਖੜਕਾਇਆ। ਅਸੀਂ ਸਮਝਿਆ ਪੁਲਸ ਹੋਵੇਗੀ। ਜਦ ਦਰਵਾਜ਼ਾ ਖੋਹਲਿਆ ਤਾਂ ਵੇਖਿਆ ਕਿ ਇਹ ਗਿਆਨੀ ਹੁਰਾਂ ਦਾ ਸੇਵਕ ਸੀ। ਉਸ ਨੇ ਕਿਹਾ ਕਿ ਤੁਹਾਨੂੰ ਗਿਆਨੀ ਹੁਰੀਂ ਬੁਲਾਉਂਦੇ ਹਨ। ਜਦ ਅਸੀਂ ਉਹਨਾਂ ਦੇ ਡੇਰੇ ਪਹੁੰਚੇ ਤਾਂ ਉਹ ਰਾਤ ਵਾਲਾ ਹਿੰਦੂ ਮੁਸਾਫਰ ਲੇਟਿਆ ਸੀ ਅਤੇ ਗਿਆਨੀ ਜੀ ਉਸ ਦੀ ਮਰਹਮ ਪਟੀ ਕਰ ਰਹੇ ਸਨ। ਉਹਨਾਂ ਦੀਆਂ ਅਖਾਂ ਵਿਚੋਂ ਹੰਝੂ ਵਹਿ ਰਹੇ ਸਨ। ਮੈਨੂੰ ਯਾਦ ਆਇਆ ਕਿ ਜਦੋਂ ਗਿਆਨੀ ਜੀ ਦੇ ਇਕਲੌਤੇ ਪੁਤਰ ਦੀ ਮੌਤ ਹੋ ਗਈ ਸੀ ਤਾਂ ਉਹਨਾਂ ਦੀਆਂ ਅਖਾਂ ਵਿਚੋਂ ਅਥਰੂ ਤਕ ਨਹੀਂ ਸੀ। ਅਜ ਉਹਨਾਂ ਦੀਆਂ ਅਖਾਂ ਵਿਚੋਂ ਗੰਗਾ ਜਮਨਾ ਵਹਿ ਰਹੀ ਸੀ। ਉਸ ਦਿਨ ਤੋਂ ਮੈਨੂੰ ਅਸਲੀ ਸਿਖ ਧਰਮ ਦੀ ਪਛਾਣ ਹੋਈ। ਇਸ ਤੋਂ ਬਾਦ ਤੁਸੀਂ ਮੇਰੇ ਵਿਚਾਰ ਮੇਰੀਆਂ ਲਿਖਤਾਂ ਵਿਚ ਪੜ੍ਹ ਸਕਦੇ ਹੋ। ਮਿਰਚਾਂ ਵਾਲੇ ਕੂੰਡੇ ਚੋਂ ਕਦੀ ਗੁੜ ਦੀ ਬਾਸ਼ਨਾ ਨਹੀਂ ਆ ਸਕਦੀ। ਗੁਰੂ ਨਾਨਕ ਦੀ ਸਿਖਿਆ ਨੂੰ ਉਸ ਦੇ ਸਿੱਖ ਵੀ ਨਹੀਂ ਸਮਝ ਸਕੇ। ਸਿੱਖ ਧਰਮ ਸਰਬਤ ਦੇ ਭਲੇ ਦਾ ਧਰਮ ਹੈ।"

੧੯੬੫ ਦੀ ਜੰਗ ਹੋ ਕੇ ਹਟੀ ਸੀ। ਲੋਕਾਂ ਵਿਚ ਆਮ ਅਫਵਾਹ ਸੀ ਕਿ ਲੜਾਈ ਫਿਰ ਲਗੇਗੀ। ਮੈਂ ਉਹਨਾਂ ਨੂੰ ਪੁਛਿਆ ਕਿ 'ਕੀ ਭਾਰਤ-ਪਾਕ ਜੰਗ ਫਿਰ ਹੋਵੇਗੀ ਕਿ ਨਹੀਂ? ਉਹਨਾਂ ਦਾ ਉਤਰ ਸੀ ਕਿ ਨਹੀਂ। ਕਿਉਂਕਿ ਸਾਰੀ ਦੁਨੀਆਂ ਦਾ ਅਮਨ, ਦੁਨੀਆਂ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਇਸ ਤਰ੍ਹਾਂ ਜੁੜਿਆ ਹੋਇਆ ਹੈ ਜਿਸ ਤਰ੍ਹਾਂ ਮੰਜੀ ਦੀਆਂ ਰਸੀਆਂ। ਲੜਾਈਆਂ ਦਾ ਯੁਗ ਖਤਮ ਸਮਝੋ। ਅਮਨ ਵਿਚ ਹੀ ਮਨੁਖਤਾ ਦਾ ਭਲਾ ਹੈ।

ਇਸ ਤੋਂ ਬਾਦ ਮੈਂ ਫਿਰ ਨਾਨਕ ਸਿੰਘ ਹੁਰਾਂ ਨੂੰ ਮਿਲਣ ਗਿਆ ਅਤੇ ਉਹਨਾਂ ਦੀ ਸਿਹਤ ਬਾਰੇ ਪੁਛਿਆ ਤਾਂ ਉਹਨਾਂ ਕਿਹਾ, "ਹੁਣ ਤਾਂ ਠੀਕ ਹੈ ਪਰ ਪਿਛਲੇ ਸਾਲ ਮੇਰੇ ਨੱਕ ਚੋਂ ਬਹੁਤ ਜ਼ਿਆਦਾ ਖੂਨ ਵਹਿ ਗਿਆ। ਮੈਂ ਬੇਹੋਸ਼ ਹੋ ਗਿਆ। ਮੇਰੇ ਲੜਕੇ ਮੈਨੂੰ ਕਾਰ 'ਚ ਪਾ ਕੇ ਅੰਮ੍ਰਿਤਸਰ ਲੈ ਗਏ। ਇਲਾਜ ਨਾਲ ਮੈਂ ਠੀਕ ਹੋ ਗਿਆ। ਮੈਂ ਹੈਰਾਨ ਸਾਂ ਕਿ ਮੈਂ ਬਚ ਕਿਵੇਂ ਗਿਆ? ਫਿਰ ਮੈਂ ਸੋਚਿਆ, ਹੋ ਸਕਦਾ ਕਿਸੇ ਹੋਰ ਨਾਨਕ ਸਿੰਘ ਦੇ ਭੁਲੇਖੇ ਯਮਾਂ ਨੇ ਮੈਨੂੰ ਹਥ ਆ ਪਾਇਆ ਹੋਵੇ। ਜਦੋਂ ਉਹਨਾਂ ਨੂੰ ਪਤਾ ਲਗ ਗਿਆ ਕਿ ਇਹ ਨਾਨਕ ਸਿੰਘ ਨਹੀਂ ਜਿਸ ਨੂੰ ਅਸਾਂ ਖੜਨਾ ਸੀ। ਇਸ ਤਰ੍ਹਾਂ ਉਹ ਮੈਨੂੰ ਛਡ ਗਏ।" ਇਹ ਕਹਿਕੇ ਉਹ ਹਸ ਪਏ ਤੇ ਮੇਰਾ ਵੀ ਹਾਸਾ ਨਿਕਲ ਗਿਆ।

ਫਿਰ ਮੈਂ ਉਹਨਾਂ ਨੂੰ ਪੁਛਿਆ ਕਿ ਤੁਸੀਂ ਅਜ ਕਲ ਕੀ ਲਿਖ ਰਹੇ ਹੋ?

ਉਹਨਾਂ ਦਾ ਕਹਿਣਾ ਸੀ ਕਿ ਮੇਰੇ ਦਿਮਾਗ ਵਿਚ ਲਿਖਣ ਵਾਸਤੇ ਤਾਂ ਬਹੁਤ ਕੁਝ ਹੈ ਪਰ ਜਦ ਲਿਖਣ ਲਗਦਾ ਹਾਂ ਤਾਂ ਸਾਰੇ ਖਿਆਲ ਖਿੰਡ ਪੁੰਡ ਜਾਂਦੇ ਹਨ। ਹੁਣ ਤਾਂ ਇਹ ਗਲ ਹੈ ਕਿ "ਢਿਲਕ ਗਈ ਮੇਰੇ ਚਰਖੇ ਦੀ ਹਥੀ, ਮੈਥੋਂ ਕੱਤਿਆ ਮੂਲ ਨਾ ਜਾਏ।"

ਪ੍ਰਸਿਧ ਕਹਾਣੀਕਾਰ ਮੁਖਤਾਰ ਗਿੱਲ ਪ੍ਰੀਤ ਨਗਰ ਰਹਿੰਦੇ ਹਨ। ਮੈਂ ਉਹਨਾਂ ਪਾਸ ਜਾਂਦਾ ਰਹਿੰਦਾ ਹਾਂ। ਉਹਨਾਂ ਦਾ ਵੀ ਸ. ਨਾਨਕ ਸਿੰਘ ਹੁਰਾਂ ਨਾਲ ਬੜਾ ਪਿਆਰ ਸੀ। ਉਹ ਦੱਸਦੇ ਹਨ ਕਿ ਮੈਂ ਦਾੜ੍ਹੀ ਕੱਟਦਾ ਸੀ। ਜਦ ਨਾਨਕ ਸਿੰਘ ਜੀ ਮੇਰੇ ਮਕਾਨ ਅੱਗੋਂ ਲੰਘਦੇ ਤਾਂ ਕਹਿੰਦੇ – ਮੁਖਤਾਰ ਦਾੜ੍ਹੀ ਤੋਂ ਚਤਾਲ੍ਹੀ ਕਦੋਂ ਚੁਕਣੀ ਆਂ? ਉਹਨਾਂ ਦਾ ਇਹ ਵੀ



Sri Satguru Jagjit Singh Ji eLibrary NamdhariElibrary@gmail.com

ਕਹਿਣਾ ਸੀ ਕਿ—ਜੇ ਕੋਈ ਦੋਸਤ ਰੋਟੀ ਖਾ ਰਿਹਾ ਹੋਵੇ ਤਾਂ ਆਉਣ ਵਾਲੇ ਦੋਸਤ ਨੂੰ ਇਹ ਕਹਿਣਾ ਪਵੇ ਕਿ ਰੋਟੀ ਖਾ ਲਓ ਤਾਂ ਉਹ ਦੋਸਤ ਨਹੀਂ ਹੁੰਦਾ। ਦੋਸਤ ਤਾਂ ਉਹ ਹੁੰਦਾ ਹੈ ਜੋ ਬਿਨਾਂ ਪੁਛਿਆਂ ਆਪਣੇ ਦੋਸਤ ਨਾਲ ਰੋਟੀ ਖਾਣ ਲਗ ਪਏ। ਉਹ ਹਰ ਰੋਜ਼ ਸੈਰ ਜਾਣ ਵੇਲੇ ਆਪਣੇ ਕੋਲ ਟੌਫੀਆਂ ਅਤੇ ਮਿੱਠੀਆਂ ਗੋਲੀਆਂ ਰਖਦੇ ਸਨ। ਪ੍ਰੀਤ ਨਗਰ ਦਾ ਜਿਹੜਾ ਬੱਚਾ ਰਸਤੇ ਵਿਚ ਉਹਨਾਂ ਨੂੰ ਮਿਲਦਾ ਉਹ ਉਹਨੂੰ ਟੌਫੀ ਜਾਂ ਮਿੱਠੀ ਗੋਲੀ ਦੇਂਦੇ ਸਨ। ਬੱਚੇ ਬੜੇ ਖੁਸ਼ ਹੁੰਦੇ ਅਤੇ ਉਹਨਾਂ ਦੀ ਸੈਰ ਦੇ ਸਮੇਂ ਨੂੰ ਉਡੀਕਦੇ ਰਹਿੰਦੇ ਸਨ।

ਉਹਨਾਂ ਦਾ ਦਿਹਾਂਤ ੨੮ ਦਸੰਬਰ, ੧੯੭੧ ਨੂੰ ਹੋਇਆ। ਉਹਨਾਂ ਦੇ ਨਮਿਤ ਅਖੰਡ ਪਾਠ ਦਾ ਭੋਗ ਗਰੀਨ ਐਵਨਿਊ 'ਚ ਅੰਮ੍ਰਿਤਸਰ ਪਿਆ। ਮੈਂ ਵੀ ਉਹਨਾਂ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਇਆ। ਸ: ਗੁਰਬਖਸ਼ ਸਿੰਘ ਸਮੇਤ ਬਹੁਤ ਸਾਰੇ ਲੇਖਕ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਆਏ। ਪ੍ਰਸਿਧ ਕਹਾਣੀਕਾਰ ਸਵਰਗੀ ਸ. ਸੁਜਾਨ ਸਿੰਘ ਨੇ ਨਾਨਕ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ—"ਲੇਖਕ ਤਾਂ ਸਾਰੇ ਬਣ ਜਾਂਦੇ ਹਨ, ਪਰ ਆਦਮੀ ਕੋਈ ਕੋਈ ਬਣਦਾ ਹੈ। ਸ. ਨਾਨਕ ਸਿੰਘ ਆਦਮੀ ਪਹਿਲਾਂ ਸਨ, ਲੇਖਕ ਬਾਦ ਵਿਚ।" ਮੈਨੂੰ ਉਹਨਾਂ ਦੀ ਕਹੀ ਗੱਲ ਅਜੇ ਤਕ ਨਹੀਂ ਭੁੱਲੀ। ਠੀਕ ਹੀ ਸਰਦਾਰ ਨਾਨਕ ਸਿੰਘ ਇਕ ਵਧੀਆ ਇਨਸਾਨ ਸਨ। ਉਹਨਾਂ ਦੀ ਕਹਿਣੀ ਤੇ ਕਰਨੀ ਇਕ ਸੀ।

ਮੈਂ ਹਰ ਸਾਲ ਉਹਨਾਂ ਦੀ ਬਰਸੀ ਤੇ ਪ੍ਰੀਤ ਨਗਰ ਜਾਂਦਾ ਹਾਂ। ਉਹਨਾਂ ਦਾ ਪਰਿਵਾਰ ਵੀ ਹਰ ਸਾਲ ਉਥੇ ਉਹਨਾਂ ਦੀ ਬਰਸੀ ਮਨਾਉਣ ਆਉਂਦਾ ਹੈ। ਉਸ ਵਧੀਆ ਇਨਸਾਨ ਅਤੇ ਪੰਜਾਬੀ ਦੇ ਮਹਾਨ ਲੇਖਕ ਦੀ ਸਮਾਧੀ ਅਗੇ ਮੇਰਾ ਸਿਰ ਆਪ-ਮੁਹਾਰੇ ਝੁਕ ਜਾਂਦਾ ਹੈ।

ਸਰਕਾਰੀ ਹਾਈ ਸਕੂਲ,
ਪੱਧਰੀ (ਅੰਮ੍ਰਿਤਸਰ)

ਫ਼ੋਨ ਨੰਬਰ
(01871) 43641

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।।

**ਹਰ ਸਾਈਜ਼ ਦੇ ਖਰਾਦ, ਰੰਦੇ ਅਤੇ ਡਰਿਲ ਮਸ਼ੀਨਾਂ**

ਬਨਾਉਣ ਵਾਲੇ

**ਨਾਮਧਾਰੀ ਗਰੁਪ ਆਫ਼ ਇੰਡਸਟਰੀਜ਼**

**ਬਟਾਲਾ**

(ਪ੍ਰ. ਸੂਬਾ ਅਜੀਤ ਸਿੰਘ ਨਾਮਧਾਰੀ)

- ਨਾਮਧਾਰੀ ਇੰਜੀਨਰਿੰਗ ਵਰਕਸ
- ਨਿਊ ਨਾਮਧਾਰੀ ਫਾਊਂਡਰੀ
- ਨਾਮਧਾਰੀ ਇੰਟਰਪ੍ਰਾਈਜ਼ਿਜ਼
- ਨਾਮਧਾਰੀ ਕਾਸਟਿੰਗ ਉਦਯੋਗ

**ਕਾਹਨੂੰਵਾਨ ਰੋਡ, ਬਟਾਲਾ (ਪੰਜਾਬ)**



Sri Satguru Jagjit Singh Ji eLibrary NamdhariElibrary@gmail.com

# ਮੇਰਾ ਵਿਆਹ

—ਜਗਦੀਸ਼ ਸਿੰਘ

ਮੇਰਾ ਵਿਆਹ ਕੋਈ ਖਾਸ ਘਟਨਾ ਨਹੀਂ ਸੀ। ਨਾ ਹੀ ਇਸ ਵਾਸਤੇ ਮੈਂ ਤਿਆਰ ਸਾਂ। ਤੀਹ ਰੁਪਏ ਮਹੀਨਾ ਬੰਦਾ ਕਮਾ ਰਿਹਾ ਹੋਵੇ ਤੇ ਉਸ ਵਾਸਤੇ ਵਿਆਹ ਕੀ ਹੁੰਦਾ ਹੈ। ਉਦੋਂ ਜ਼ਮਾਨਾ ਭਾਵੇਂ ਕਰਵਟ ਲੈ ਰਿਹਾ ਸੀ ਪਰ ਅਜੇ ਪੁਰਾਣੇ ਵੀਚਾਰ ਹਾਵੀ ਹੀ ਸਨ। ਨਾ ਮੇਰੀ ਮਾਂ ਨੂੰ ਤੇ ਨਾ ਮੇਰੀ ਬਨਣ ਵਾਲੀ ਜੀਵਨ ਸਾਥਨ ਦੀ ਮਾਂ ਨੂੰ ਫਿਕਰ ਸੀ ਕਿ ਇਹ ਦੰਪਤੀ ਜੋੜਾ ਖਾਵੇਗਾ ਕਿਥੋਂ। ਇਕ ਵਿਸਵਾਸ਼ ਹੀ ਸੀ ਕਿ ਬਸ ਸਭ ਠੀਕ ਹੋ ਜਾਣਾ ਹੈ। ਪਰ ਫੇਰ ਵੀ ਵਿਆਹ ਤਾਂ ਵਿਆਹ ਹੀ ਹੁੰਦਾ ਹੈ। ਅਨੰਦ ਕਾਰਜ ਨਾਮਧਾਰੀ ਅਕੀਦੇ ਨਾਲ ਭੈਣੀ ਸਾਹਿਬ ਹੋਣਾ ਸੀ ਜੋ ਹੀ ਜਾਣਾ ਸੀ ਅਤੇ ਇਹ ਇਕ ਰਸਮ ਹੀ ਹੋਣੀ ਸੀ ਜਿਸ ਦਾ ਸਭ ਨੂੰ ਪਤਾ ਹੀ ਸੀ। ਅੱਸੂ ਦੀ ਸੰਗਰਾਂਦ ਨੂੰ ਵੱਡੇ ਮੇਲੇ ਦਾ ਭੋਗ ਪੈਂਦਾ ਸੀ। ਉਸ ਉਤੇ ਵਿਆਹ ਹੁੰਦੇ ਸਨ ਤੇ ਗਲ ਖਤਮ। ਮਾਂ ਸਾਡੀ ਪੱਜ ਪੱਜ ਨਾਲ ਵਿਆਹ ਦੀਆ ਗਲਾਂ ਕਰਦੀ, ਹੋਣ ਵਾਲੀ ਨੂੰਹ ਦੀਆਂ ਸਿਫਤਾਂ, ਉਸ ਦੇ ਰੂਪ ਤੇ ਗੁਣਾਂ ਦੀਆਂ ਸਿਫਤਾਂ ਕਰਦੀ। ਸਾਡੀ ਮਾਂ ਦਾ ਸੁਭਾਅ ਹੈ ਉਹ ਹਰ ਕਿਸੇ ਦੀਆਂ ਸਿਫਤਾਂ ਅਜੇ ਤਕ ਕਰੀ ਹੀ ਜਾਂਦੀ ਹੈ। ਜਿਹੜੇ ਉਹਦੀ ਨਿੰਦਾ ਕਰਦੇ ਹਨ ਜਾਂ ਉਹਨੂੰ ਘੂਰਦੇ ਹਨ ਉਹਨਾਂ ਦੀਆਂ ਵੀ ਸਿਫਤਾਂ ਹੀ ਕਰਦੀ ਹੈ।

ਅਸੀਂ ਆਪਣੇ ਛੋਟੇ ਜਿਹੇ ਵਿਹੜੇ ਵਿਚ ਬੈਠੇ ਵਿਆਹ ਦੀਆਂ ਗਲਾਂ ਕਰ ਕਰਕੇ ਅਨੰਦ ਲੈ ਰਹੇ ਸਾਂ। ਬਾਹਰ ਸਾਇਕਲ ਦੀ ਘੰਟੀ ਵਜੀ। ਮੈਂ ਬਾਹਰ ਗਿਆ ਤਾਂ ਸ. ਅਮਰ ਸਿੰਘ ਜੜਾਂਵਾਲੀਏ ਸਨ ਜਿਨ੍ਹਾਂ ਦੀ ਫੈਕਟਰੀ ਸੰਤ ਇੰਜੀਨਰਿੰਗ ਵਰਕਸ ਬਹੁਤ ਮਸ਼ਹੂਰ ਰਹੀ ਹੈ। ਉਹਨਾਂ ਬਾਰੇ ਇਹ ਮਸ਼ਹੂਰ ਹੈ ਕਿ ਉਨ੍ਹਾਂ ਨੇ ਆਪਣੇ ਅੰਤ ਸਮੇਂ ਬਾਰੇ ਪਹਿਲੋਂ ਹੀ ਦਸ ਦਿਤਾ ਸੀ। ਉਹਨਾਂ ਨੂੰ ਮਿਲ ਕੇ ਸਦਾ ਖੁਸ਼ੀ ਹੁੰਦੀ ਸੀ। ਉਹ ਬਹੁਤ ਵਡੇ ਬੰਦੇ ਸਨ ਪਰ ਸਾਧਾਰਨ ਲੋਕਾਂ ਨਾਲ ਉਹਨਾਂ ਦਾ ਪਿਆਰ ਅਤੇ ਉਠਣਾ ਬੈਠਣਾ ਵੀ ਸੀ। ਇਸੇ ਕਰਕੇ ਤਾਂ ਉਹ ਆਪ ਚਲ ਕੇ ਆਏ ਸਨ। ਉਹਨਾਂ ਜਿਹੜੀ ਗਲ ਦਸੀ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਂ ਵਾਪਸ ਅੰਦਰ ਆ ਗਿਆ ਤੇ ਕਿਹਾ "ਕਰ ਲੌ ਵਿਆਹ।" ਸਭ ਨੂੰ ਪਤਾ ਲਗ ਗਿਆ ਕਿ ਕੋਈ ਗਲ ਐਸੀ ਹੈ ਜਿਸ ਕਾਰਨ ਵਿਆਹ ਨਹੀਂ ਹੋ ਸਕਣਾ। ਵਿਆਹ ਹੁੰਦੇ ਹੁੰਦੇ ਰੁਕ ਜਾਣਾ ਕੋਈ ਵਡੀ ਗਲ ਨਹੀਂ। ਕਈ ਬੰਦੇ ਇਹਨਾਂ ਕਾਰਸਤਾਨੀਆਂ ਦੇ ਮਾਹਰ ਹੁੰਦੇ ਕਨ ਅਤੇ ਅਖੀਰ ਦਮ ਤਕ ਰਿਸ਼ਤਾ ਟੁੱਟਣ ਦਾ ਵਿਸਵਸਾ ਬਣਿਆ ਹੀ ਰਹਿੰਦਾ ਹੈ ਪਰ ਘਰ ਵਾਲੇ ਅਸਲ ਗਲ ਜਾਨਣਾ ਚਾਹੁੰਦੇ ਸਨ। ਜਦੋਂ ਮੈਂ ਗਲ ਦਸੀ ਤਾਂ ਸਭ ਦੇ ਉਤੇ ਜਿਵੇਂ ਬੰਬ ਦਾ ਗੋਲਾ ਡਿਗ ਪਿਆ ਹੋਵੇ।

"ਸਰਦਾਰ ਅਮਰ ਸਿੰਘ ਜੀ ਦਸ ਕੇ ਗਏ ਹਨ ਕਿ ਸਤਿਗੁਰੂ ਜੀ ਚੜ੍ਹਾਈ ਕਰ ਗਏ ਹਨ।" ਸਤਿਗੁਰੂ ਪ੍ਰਤਾਪ ਸਿੰਘ ਤਾਂ ਸਾਰੇ ਨਾਮਧਾਰੀਆਂ ਦੀ ਜਿੰਦ ਜਾਨ ਸਨ। ਉਹਨਾਂ ਨੂੰ ਵੇਖ ਕੇ ਤਾਂ ਲੋਕਾਂ ਨੂੰ ਆਪਣੇ ਡੂੰਘੇ ਦੁਖ ਭੁੱਲ ਜਾਂਦੇ ਸਨ। ਇਹ ਤਾਂ ਕਿਸੇ ਚਿਤਵਿਆਂ ਵੀ ਨਹੀਂ ਸੀ ਕਿ ਉਹ ਕਦੀ ਵੀ ਲੋਕਾਂ ਦੀ ਜ਼ਿੰਦਗੀ ਚੋਂ ਲਾਂਭੇ ਹੋ ਜਾਣਗੇ।"

ਉਹਨਾਂ ਦੇ ਦੇਹਾਂਤ ਦੀ ਖਬਰ ਨੇ ਸਾਰੇ ਕੰਮ ਭੁਲਾ ਦਿਤੇ। ਸਾਡੇ ਪਿਤਾ ਜੀ ਅਤੇ ਹੋਰ ਬਹੁਤ ਸੰਗਤ ਸ੍ਰੀ ਭੈਣੀ ਸਾਹਿਬ ਨੂੰ ਚਲੀ ਗਈ। ਵਾਪਸ ਆ ਕੇ ਉਹਨਾਂ ਬਹੁਤ ਸਾਰੀਆਂ ਗਲਾਂ ਦਸੀਆਂ। ਸੰਗਤ ਦਾ ਪਾਰਾਵਾਰ ਨਹੀਂ ਸੀ ਸਾਰੀ ਰਾਤ ਜਾਗਦੇ ਰਹੇ। ਕੀਰਤਨ ਹੁੰਦਾ ਰਿਹਾ ਸੀ। ਸਾਰੇ ਬਹੁਤ ਉਪਰਾਮ ਸਨ। ਸਾਡੇ ਭਾਪਾ ਜੀ ਸਮੇਤ ਸਾਨੂੰ ਸਭ ਨੂੰ ਬਹੁਤ ਉਦਾਸੀ ਸੀ। ਮੈਂ ਉਦੋਂ ਫੁਲਵਾੜੀ ਕਾਲਜ ਵਿਚ ਗਿਆਨੀ ਪੜ੍ਹਦਾ ਸੀ। ਉਥੇ 'ਮਹਾਰਾਜ' ਪ੍ਰਤਾਪ ਸਿੰਘ ਦੀਆਂ ਬਹੁਤ ਗਲਾਂ ਹੁੰਦੀਆਂ ਸਨ। ਅਖਬਾਰਾਂ ਵਿਚ ਉਹਨਾਂ ਬਾਰੇ ਕਾਫੀ ਕੁਝ ਲਿਖਿਆ ਜਾ ਰਿਹਾ ਸੀ। ਕਮਿਊਨਿਸਟ ਲੀਡਰ ਕਾਮਰੇਡ ਸੋਹਣ ਸਿੰਘ ਜੋਸ਼ ਦਾ ਨਵਾਂ ਜ਼ਮਾਨਾ ਵਿਚ ਛਪਿਆ "ਆਹ ਮਹਾਰਾਜ ਪ੍ਰਤਾਪ ਸਿੰਘ" ਲੇਖ ਅਜੇ ਵੀ ਯਾਦ ਹੈ।

ਇਹਨਾਂ ਦਿਨਾਂ ਵਿਚ ਜਥੇਦਾਰ ਕਰਤਾਰ ਸਿੰਘ ਬਿਜਲੀ ਵਾਲਾ ਜਲੰਧਰ ਵਿਚ ਸੀ। ਰੋਜ਼ ਦੀਵਾਨ ਲਗਦੇ ਸਨ। ਜਥੇਦਾਰ ਦੀ ਸੁਰੀਲੀ ਆਵਾਜ਼ ਵਿਚ ਧਾਰਨਾ ਸੁਨਣ ਬਹੁਤ ਸਾਰੇ ਹੋਰ ਲੋਕ ਸਹਿਜਧਾਰੀ ਹਿੰਦੂ ਵੀ ਆਉਂਦੇ ਸਨ। ਇਕ ਦਿਨ ਇਕ ਸਜਣ ਪੁਛਣ ਲਗਾ ਜੀ ਹੁਣ ਗਦੀ ਤੇ ਕੌਣ ਬੈਠੇਗਾ। ਜਥੇਦਾਰ ਨੇ ਕਿਹਾ ਕਿ ਵਡੇ ਬਾਬਾ ਜਗਜੀਤ ਸਿੰਘ ਜੀ। ਉਸ ਮੁੜ ਪੁਛਿਆ ਇਹ ਵੱਡੇ ਬਾਬਾ ਜੀ ਉਹੋ ਪਤਲੇ ਜਿਹੇ ਤੇ ਨਹੀਂ ਜੋ ਗੁਰਦੁਆਰਾ ਦੀਵਾਨ ਅਸਥਾਨ ਵਿਚ (ਰਾਮਗੜ੍ਹੀਆ ਹਿਤਕਾਰੀ ਸਭਾ ਦੇ) ਸਮਾਗਮ ਤੇ ਆਏ ਸਨ। ਸਭ ਨੇ ਕਿਹਾ ਹਾਂ ਉਹ ਹੀ ਹਨ। ਹੌਲੀ



Sri Satguru Jagjit Singh Ji eLibrary NamdhariElibrary@gmail.com

ਹੌਲੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ ਭੋਗਾਂ ਦੇ ਮੇਲੇ ਦਾ ਪਤਾ ਲਗਾ ਕਿ ੯ ਸਤੰਬਰ ੧੯੫੯ ਨੂੰ ਪੈਣਗੇ ਅਤੇ ਇਹ ਖਬਰ ਵੀ ਸ. ਅਮਰ ਸਿੰਘ ਹੋਰਾਂ ਹੀ ਲਿਆ ਕੇ ਦਿਤੀ ਕਿ ਅਗਲੇ ਦਿਨ ੧੦ ਸਤੰਬਰ ਨੂੰ ਅਨੰਦ ਕਾਰਜ ਵੀ ਹੋਣਗੇ । ਹੁਣ ਬੰਦਾ ਸੋਗ ਮਨਾਵੇ ਕਿ ਖੁਸ਼ੀ। ਵਿਆਹ ਦੀਆਂ ਸਰਗਰਮੀਆਂ ਫੇਰ ਆਰੰਭ ਹੋ ਗਈਆਂ ।

ਮੇਰੇ ਮਾਮਾ ਜੀ ਸ. ਸਰੈਣ ਸਿੰਘ ਗੁਰਬਚਨ ਸਿੰਘ ਹੋਰਾਂ ਦੀ ਬੈਟਰੀਆਂ ਦੀ ਦੁਕਾਨ ਸੀ । ਮੈਂ ਵੀ ਉਥੇ ਹੀ ਕੰਮ ਕਰਦਾ ਸਾਂ ਉਦੋਂ । ਉਹਨਾ ਕੋਲ ਬਹੁਤ ਸਾਰੀਆਂ ਗਡੀਆਂ ਕਾਰਾਂ ਮੁਰੰਮਤ ਲਈ ਆਉਂਦੀਆਂ ਸਨ । ਕਦੇ ਕਦੇ ਆਪਣੇ ਰਿਸ਼ਤੇਦਾਰਾਂ ਦੇ ਵਿਆਹ ਤੇ ਇਹ ਕਾਰਾਂ ਮੰਗ ਵੀ ਲਈਆਂ ਜਾਂਦੀਆਂ ਸਨ । ਦੋ ਭਰਾਵਾਂ ਕੋਲ ਲੰਬੀ ਬਿਊਕ ਕਾਰ ਵੀ ਸੀ । ਇਕ ਵਾਰ ਮਾਮਾ ਜੀ ਨੇ ਪੁਛਿਆ ਇਕ ਦਿਨ ਲਈ ਕਾਰ ਚਾਹੀਦੀ ਹੈ ਵਿਆਹ ਵਾਸਤੇ । ਉਹ ਕਹਿਣ ਲਗੇ ਜਦੋਂ ਮਰਜ਼ੀ ਲੈ ਆਓ ਇਹਦੇ ਵਿਚ ਕਿਹੜੀ ਪੁਛਣ ਦਸਣ ਵਾਲੀ ਗਲ ਹੈ । ਮੈਂ ਵੀ ਆਸ ਲਾਈ ਸੀ ਕਿ ਬਿਊਕ ਨਹੀਂ ਤਾਂ ਹੋਰ ਕਾਰ ਤਾਂ ਮਿਲ ਹੀ ਜਾਵੇਗੀ । ਪਰ ਜਿਉਂ ਜਿਉਂ ਵਿਆਹ ਦਾ ਦਿਨ ਨੇੜੇ ਆ ਰਿਹਾ ਸੀ ਕਾਰ ਦਾ ਪਤਾ ਹੀ ਨਾ ਲਗੇ ।

ਆਖਰ ਜਿਹੜੀ ਕਾਰ ਦਾ ਪਰਬੰਧ ਹੋਇਆ ਉਹਨੇ ਮੈਨੂੰ ਹੈਰਾਨ ਕਰ ਦਿਤਾ । ਇਹ ਇਕ ਸਟੇਸ਼ਨ ਵੈਗਨ ਸੀ ਜਿਸ ਦਾ ਬਗੈਰ ਹਾਰਨ ਦੇ ਸਭ ਕੁਝ ਵਜਦਾ ਸੀ ਅਤੇ ਸਵਾਏ ਬਤੀਆਂ ਦੇ ਹਰ ਥਾਂ ਚੰਗਿਆੜੇ ਛਡਦੀ ਸੀ । ਮਾਮਾ ਜੀ ਦੀ ਆਪਣੀ ਸੋਚ ਅਨੁਸਾਰ ਇਹ ਗਡੀ ਠੀਕ ਵੀ ਸੀ । ਜਿਨੇ ਦਿਨ ਮਰਜ਼ੀ ਵਰਤੀ ਜਾਵੋ ਅਤੇ ਜਿੰਨੀਆਂ ਮਰਜ਼ੀ ਸਵਾਰੀਆਂ ਲਦ ਲਵੋ । ਅਸੀਂ ਸਾਰਾ ਦਿਨ ਲਾ ਕੇ ਇਸ ਦੀਆਂ ਤਾਰਾਂ ਸੈਟ ਕੀਤੀਆਂ ਤੇ ਗਡੀ ਏਨੀ ਤੂਸ ਕੇ ਭਰੀ ਕਿ ਪਤਾ ਹੀ ਨਾ ਲਗਾ ਕਿ ਕੌਣ ਜ਼ਰੂਰੀ ਬੰਦਾ ਰਹਿ ਗਿਆ ਹੈ ਅਤੇ ਕੌਣ ਵਾਧੂ ਚਲਾ ਗਿਆ ਹੈ । ਇਹ ਗਡੀ ਇਕ ਕਬਾੜੀਏ ਦੀ ਸੀ । ਅਸੀਂ ਫਗਵਾੜੇ ਵੀ ਨਹੀਂ ਸੀ ਪੁਜੇ ਕਿ ਪੁਲੀਸ ਨੇ ਗਡੀ ਰੋਕ ਲਈ । ਛੋਟੇ ਮਾਮਾ ਜੀ ਗਡੀ ਚਲਾ ਰਹੇ ਸਨ । ਸਟੇਸ਼ਨ ਵੈਗਨਾਂ ਟੈਕਸੀਆਂ ਵਜੋਂ ਚਲਦੀਆਂ ਸਨ ਤੇ ਪੁਲੀਸ ਦੀ ਉਪਰਲੀ ਕਮਾਈ ਦਾ ਸਾਧਨ ਹੁੰਦੀਆਂ ਸਨ । ਇਕ ਪੁਲਿਸ ਕਰਮਚਾਰੀ ਵਾਕਫ ਨਿਕਲ ਪਿਆ ਤੇ ਅਸੀਂ ਚਲ ਪਏ । ਲੁਧਿਆਣੇ ਦਾ ਬਾਈਪਾਸ ਤਾਂ ਉਦੋਂ ਬਣਿਆ ਨਹੀਂ ਸੀ ਸ਼ਹਿਰ ਦੇ ਵਿਚੋਂ ਹੋ ਕੇ ਜਾਈਦਾ ਸੀ । ਚੌਂਕ ਵਿਚ ਇਕ ਟਰੈਫਿਕ ਵਾਲਾ ਸਿਪਾਹੀ ਖੜਾ ਸੀ । ਜਦੋਂ ਗਡੀ ਉਸ ਕੋਲੋਂ ਲੰਘਣ ਲਗੀ ਤਾਂ ਉਸ ਰੋਕ ਲਈ । ਅਸਾਂ ਸੋਚਿਆ ਮੁੜ ਕੋਈ ਵਿਘਨ ਪਿਆ ਪਰ ਉਹ ਭਲਾ ਲੋਕ ਸੀ ਤੇ ਕੁਝ ਹਸਮੁਖਾ ਵੀ । ਉਹ ਹਸਿਆ ਵੀ ਤੇ ਟਿਚਰ ਵੀ ਕੀਤੀ ਤੇ ਕਹਿਣ ਲਗਾ ਉਹ ਘਰੋਂ ਤੁਰ ਪਏ, ਓ, ਗਡੀ ਉਤੇ ਨੰਬਰ ਤਾਂ ਲਿਖ ਲਓ । ਸਾਨੂੰ ਹੁਣ ਪਤਾ ਲਗਾ ਕਿ ਗਡੀ ਉਤੇ ਨਾ ਨੰਬਰ ਪਲੇਟ ਸੀ ਅਤੇ ਨੰਬਰ ਦਾ ਪਤਾ ਵੀ ਨਹੀਂ ਸੀ । ਛੋਟੇ ਮਾਮਾ ਜੀ ਨੇ ਕੁਝ ਯਾਦ ਕੀਤਾ ਤੇ ਅਸੀਂ ਚਾਕ ਨਾਲ ਮਡਗਾਰਡ ਤੇ ਨੰਬਰ ਲਿਖਿਆ । ਅਤੇ ਭੈਣੀ ਸਾਹਿਬ ਪੁਜ ਕੇ ਟਿਕ ਕਾਗਜ਼ ਤੇ ਨੰਬਰ ਪੈਨ ਨਾਲ ਲਿਖ ਕੇ ਮਾਂਹ ਦੀ ਦਾਲ ਨਾਲ ਗਡੀ ਤੇ ਚਿਪਕਾ ਦਿਤਾ ।

ਭੈਣੀ ਸਾਹਿਬ ਇਕ ਤੰਬੂਆਂ ਦਾ ਨਗਰ ਬਣਿਆ ਹੋਇਆ ਸੀ । ਦੁਨੀਆਂ ਏਨੀ ਕਿ ਇਕ ਵਾਰ ਕੋਈ ਮਿਲ ਪਿਆ ਫੇਰ ਨਾ ਲਭਿਆ । ਪਹਿਲੀ ਵਾਰ ਵੇਖਿਆ ਕਿ ਤੰਬੂਆਂ ਦੇ ਵਿਚ ਵਿਚ ਨਲਕੇ ਹੈਂਡ ਪੰਪ ਵੀ ਲਗੇ ਹੋਏ ਸਨ । ਬੜੀ ਵਿਉਂਤ ਨਾਲ ਤੰਬੂਆਂ ਦੇ ਵਿਚ ਰਾਹ ਬਣਾਏ ਗਏ ਸਨ । ਸਾਨੂੰ ਇਕ ਵਡਾ ਤੰਬੂ ਮਿਲ ਗਿਆ । ਅਸਾਂ ਸਫਾਂ ਤੇ ਬਿਸਤਰੇ ਵਿਛਾ ਲਏ ਅਤੇ ਮੋਟਰ ਬੈਟਰੀ ਨਾਲ ਇਕ ਨਿਕਚੂ ਬਲਬ ਰਾਤ ਨੂੰ ਜਗਾ ਲਿਆ । ਉਦੋਂ ਬਿਜਲੀ ਘਰਾਂ ਵਿਚ ਵੀ ਨਹੀਂ ਸੀ ਹੁੰਦੀ ਇਥੇ ਬਾਹਰ ਕਿਥੋਂ ਹੁੰਦੀ । ਪਿੰਡ ਦੇ ਆਲੇ ਦੁਆਲੇ ਦੂਰ ਤਕ ਝੰਡੀਆਂ ਲਗੀਆਂ ਸਨ ਇਹ ਸੰਕੇਤ ਦੇਣ ਵਾਸਤੇ ਕਿ ਜੰਗਲ ਪਾਣੀ ਦੂਰ ਜਾਇਆ ਜਾਵੇ । ਝੰਡੀਆਂ ਤੋਂ ਦੂਰ ਤਾਂ ਕਿ ਪਿੰਡ ਅਤੇ ਦੀਵਾਨ ਅਸਥਾਨ ਕੋਲ ਗੰਦ ਨਾ ਪਵੇ । ਉਦੋਂ ਇਹ ਹਦਾਇਤ ਹੁੰਦੀ ਸੀ ਕਿ ਖੇਤਾਂ ਵਿਚ ਟੋਆ ਪੁਟ ਕੇ ਉਸ ਵਿਚ ਜੰਗਲ (ਟੱਟੀ) ਕਰਕੇ ਬਾਅਦ ਵਿਚ ਉਪਰ ਮਿਟੀ ਪਾ ਦਿਤੀ ਜਾਵੇ ਗੰਦ ਨਾ ਪਵੇ ਪਰ ਖੇਤ ਨੂੰ ਖਾਦ ਮਿਲ ਜਾਵੇ । ਇਹ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦਾ ਹੁਕਮ ਹੈ ।

ਅਸੀਂ ਦਿਵਾਨ ਵਿਚ ਨਹੀਂ ਗਏ । ਅਸੀਂ ਸੋਚਿਆ ਕਿ ਅਜੇ ਨਵੇਂ ਗੁਰੂ ਜੀ ਦੀ ਦਸਤਾਰਬੰਦੀ ਹੋਣੀ ਹੈ ਪਰ ਮੇਰੇ ਤਾਏ ਦਾ ਪੁਤਰ ਭਰਾ ਗੁਰਬਚਨ ਸਿੰਘ ਨੇ ਦਸਿਆ ਕਿ ਮੈਂ ਦੀਵਾਨ ਵਿਚ ਗਿਆ ਸਾਂ । ਨਵੇਂ ਮਹਾਰਾਜ ਦੀਵਾਨ ਵਿਚ ਬੈਠੇ ਸਨ ਅਤੇ ਉਹਨਾਂ ਨੂੰ ਲੋਕ ਮਥਾ ਵੀ ਟੇਕ ਰਹੇ ਸਨ । ਅਸੀਂ ਲੰਗਰ ਵਿਚ ਗਏ ਜਿਹੜਾ ਚੋਵੀਂ ਘੰਟੇ ਹੀ ਚਲਦਾ ਰਹਿੰਦਾ ਸੀ । ਉਥੇ ਲਾਊਡ



Sri Satguru Jagjit Singh Ji eLibrary NamdhariElibrary@gmail.com

ਸਪੀਕਰਾਂ ਚੋਂ ਦੀਵਾਨ ਦੀ ਆਵਾਜ਼ ਆ ਰਹੀ ਸੀ । ਲਾਊਡ ਸਪੀਕਰ ਦੂਰ ਦੂਰ ਤਕ ਲਗੇ ਸਨ । ਸਪੀਕਰਾਂ ਚੋਂ ਜਿਹੜੀ ਆਵਾਜ਼ ਆ ਰਹੀ ਸੀ ਉਸ ਨੇ ਹੈਰਾਨ ਕਰ ਦਿਤਾ । ਇਹ ਆਵਾਜ਼ ਬਿਲਕੁਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਲਗਦੀ ਸੀ । ਭਰਵੀਂ ਮਰਦਾਨਾ ਆਵਾਜ਼ ਖੁਲ੍ਹੇ-ਡੁੱਲੇ ਬੋਲ, ਪਰ ਇਹ ਕਿਵੇਂ ਹੋ ਸਕਦਾ ਸੀ । ਜਦ ਮੈਂ ਇਸ ਗੱਲ ਦਾ ਜ਼ਿਕਰ ਕੀਤਾ ਤਾਂ ਕਿਸੇ ਨੇ ਕਿਹਾ ਕਿ ਇਹ ਆਵਾਜ਼ ਸਚਮੁਚ ਹੀ ਸਤਿਗੁਰੂ ਜੀ ਦੀ ਹੀ ਹੈ । ਥਾਈਲੈਂਡ ਦੇ ਸੇਠਾਂ ਨੇ ਇਕ ਮਸ਼ੀਨ ਲਿਆਂਦੀ ਹੈ ਜਿਹਦੇ ਵਿਚ ਇਹ ਆਵਾਜ਼ ਬੰਦ ਹੈ ਅਤੇ ਜਦੋਂ ਜੀ ਕਰੇ ਕੱਢ ਲਈ ਜਾਂਦੀ ਹੈ । ਉਸ ਵੇਲੇ ਪਹਿਲੀ ਵਾਰ ਪਤਾ ਲਗਾ ਕਿ ਐਸੀ ਮਸ਼ੀਨ ਬਣ ਗਈ ਹੈ । ਟੇਪ ਮਸ਼ੀਨ ਵਡੇ ਸਪੂਲਾਂ ਵਾਲੀ ਕਾਫੀ ਦੇਰ ਬਾਦ ਦੇਖੀ ਅਤੇ ਕੈਸਟ ਤਾਂ ਬਹੁਤ ਬਾਦ ਦੀ ਗੱਲ ਹੈ । ਇਹ ਉਹ ਜ਼ਮਾਨਾ ਸੀ ਕਿ ਜਦੋਂ ਜਲੰਧਰ ਸਾਡੇ ਮਹਲੇ ਬਿਜਲੀ ਵੀ ਨਹੀਂ ਸੀ ਆਈ । ਅਸੀਂ ਸਕੂਲ ਕਾਲਜ ਦੀ ਪੜ੍ਹਾਈ ਲੈਂਪ ਜਗਾ ਕੇ ਕੀਤੀ ਸੀ । ਟਰਾਂਜ਼ਿਸਟਰ ਅਜੇ ਵਡੇ ਸ਼ਹਿਰਾਂ ਵਿਚ ਆਏ ਸਨ ਅਤੇ ਇਸ ਉਤੇ ਪੰਜ ਛੇ ਸੌ ਰੁਪਿਆ ਖਰਚ ਕਰਨਾ ਆਮ ਆਦਮੀ ਦੇ ਵਸ ਦੀ ਗਲ ਨਹੀਂ ਸੀ ।

ਰਾਤ ਨੂੰ ਦੀਵਾਨ ਵਲ ਗਏ । ਦੀਵਾਨ ਅਸਥਾਨ ਅਜ ਕਲ ਦੇ ਤਿੰਨ ਮੰਜ਼ਲੇ ਕਵਾਟਰਾਂ ਦੇ ਪਿਛਲੇ ਪਾਸੇ ਹਰੀਮੰਦਰ ਦੇ ਸਾਹਮਣੇ ਸੀ । ਦੂਰ ਤਕ ਜਿਥੋਂ ਤਕ ਨਜ਼ਰ ਮਾਰੋ ਸੰਗਤ ਸੀ । ਬਿਜਲੀ ਦਾ ਪਰਬੰਧ ਸੀ । ਜਥੇਦਾਰ ਗਿਆਨ ਸਿੰਘ ਵੀਰੋਕੇ ਦਾ ਦੀਵਾਨ ਸੀ । ਉਹ ਬਾਰ ਬਾਰ ਇਹ ਧਾਰਨ ਪੜ੍ਹ ਰਹੇ ਸਨ "ਐਸੋ ਇਹੁ ਸੰਸਾਰੁ ਪੇਖਨਾ, ਰਹਨੁ ਨ ਕੋਊ ਪਈ ਹੈ ਰੇ" . ਪੀਲੂ ਵਿਚ ਇਹ ਗੀਤ ਸੀ । ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਬੋਲਦਿਆਂ ਉਹਨਾਂ ਨੇ ਸਮਕਾਲੀ ਅਖਬਾਰਾਂ ਵਿਚ ਛਪੇ ਮਜ਼ਮੂਨਾਂ ਦਾ ਜ਼ਿਕਰ ਵੀ ਕੀਤਾ । ਸਾਨੂੰ ਪਤਾ ਲਗਾ ਕਿ ਇਕ ਭਾਰੀ ਕਵੀ ਦਰਬਾਰ ਵੀ ਅਜ ਹੋਇਆ ਹੈ ਜਿਸ ਵਿਚ ਇੰਦਰਜੀਤ ਸਿੰਘ ਤੁਲਸੀ ਵੀ ਆਇਆ ਸੀ ਪਰ ਅਸੀਂ ਕਵੀ ਦਰਬਾਰ ਨਹੀਂ ਸੁਣਿਆ । ਅਗਲੇ ਦਿਨ ੯ ਸਤੰਬਰ ਨੂੰ ਵਡਾ ਸਮਾਗਮ ਸੀ । ਭੀੜ ਬਹੁਤ ਵਧ ਗਈ ਸੀ । ਇਕ ਬਹੁਤੀ ਹੀ ਲੰਮੀ ਕਾਰ ਆ ਕੇ ਰਾਮ ਸਰ ਬੋਹੜਾਂ ਹੇਠ ਰੁਕੀ । ਉਹਦੇ ਵਿਚੋਂ ਇਕ ਬਹੁਤ ਲੰਮਾ ਸਰਦਾਰ ਨਿਕਲਿਆ । ਐਚਕਨ ਪਾਈ ਤੇ ਚੂੜੀਦਾਰ ਪਜਾਮਾ । ਜਾਲੀ ਵਿਚ ਮੌੜਵੀਂ ਕਾਲੀ ਦਾਹੜੀ ਅਤੇ ਸਿਰ ਤੇ ਪਟਿਆਲਾ ਸ਼ਾਹੀ ਪੱਗ । ਇਹ ਮਹਾਰਾਜਾ ਪਟਿਆਲਾ ਸੀ, ਮਹਾਰਾਜਾ ਯਾਦਵਿੰਦਰ ਸਿੰਘ । ਪਰਬੰਧਕ ਮਹਾਰਾਜਾ ਨੂੰ ਲੈ ਗਏ ਤੇ ਹਮਾਤੜ ਲੋਕ ਲੰਮੀ ਕਾਰ ਵੇਖ ਵੇਖ ਕੇ ਹੈਰਾਨ ਹੁੰਦੇ ਰਹੇ । ਦੋ ਵਿਅਕਤੀ ਪ੍ਰਭਾਵਸ਼ਾਲੀ ਚਿਹਰਿਆਂ ਵਾਲੇ ਖੁਲ੍ਹੀਆਂ ਦਾਹੜੀਆਂ ਅਤੇ ਨੋਕਦਾਰ ਪੱਗਾਂ ਵਾਲੇ ਵੀ ਆਏ । ਇਕ ਦਾ ਚੂੜੀਦਾਰ ਪਾਜਾਮਾ ਇਕ ਨੇ ਸਲਵਾਰ ਪਾਈ ਹੋਈ ਸੀ । ਇਹਨਾਂ ਦਾ ਉਚੇਚਾ ਸੁਆਗਤ ਹੋਇਆ ਤੇ ਕੋਠੀ ਵਿਚ ਲੈ ਜਾਇਆ ਗਿਆ । ਬਾਦ 'ਚ ਪਤਾ ਲਗਾ ਕਿ ਇਕ ਤਾਂ ਬਿਆਸ ਵਾਲੇ ਮਹਾਰਾਜ ਚਰਨ ਸਿੰਘ ਸਨ ਜਿਨ੍ਹਾਂ ਦੀ ਲੰਮੀ ਤੇ ਕਾਲੀ ਦਾਹੜੀ ਸੀ ਅਤੇ ਦੂਸਰੇ ਸਲਵਾਰ ਵਾਲੇ ਸੰਤ ਕਿਰਪਾਲ ਸਿੰਘ ਜੀ ਸਨ । ਫਿਰ ਇਕ ਸਾਧੂਆਂ ਦਾ ਜਥਾ ਆਇਆ ਵਡੇ ਵਡੇ ਨਰਸਿੰਘੇ ਵਜਾਉਂਦਾ ਹੋਇਆ । ਹੁਣ ਤਕ ਇਹ ਖਬਰ ਪਤਾ ਲਗ ਗਈ ਕਿ ਬੜੇ ਬੜੇ ਲੀਡਰ ਇਕ ਦੇ ਬਾਦ ਇਕ ਪੁਜ ਰਹੇ ਹਨ । ਮਾਸਟਰ ਤਾਰਾ ਸਿੰਘ ਵੀ ਆ ਗਏ ਹਨ । ਮੰਤਰੀਆਂ ਚੋਂ ਸ. ਸਵਰਨ ਸਿੰਘ ਵੀ ਅਸੀਂ ਵੇਖੇ । ਬਾਹਰ ਖੇਤਾਂ ਵਲ, ਅਜ ਕਲ੍ਹ ਦੇ ਗੋਲ ਮੰਦਰ ਦੇ ਪਿਛਵਾੜੇ ਗਏ ਤਾਂ ਪ੍ਰਸਿਧ ਅਕਾਲੀ ਲੀਡਰ ਗਿਆਨੀ ਕਰਤਾਰ ਸਿੰਘ ਦੋ ਕੁ ਸੇਵਕਾਂ ਨਾਲ ਤੁਰੇ ਆਉਣ । ਤੇੜ ਖੁਲਾ ਜਿਹਾ ਕਛਿਹਰਾ ਅਤੇ ਸਿਰ ਤੇ ਢਿਲੜ ਜਿਹੀ ਪਗੜੀ । ਗਿਆਨੀ ਜੀ ਨੂੰ ਮੈਂ ਪਛਾਣਦਾ ਸਾਂ । ਉਹ ਕਦੇ ਕਦੇ ਸਾਡੇ ਮਾਮਾ ਜੀ ਦੀ ਦੁਕਾਨ ਤੇ ਆਪਣੀ ਕਾਰ ਦੀ ਬੈਟਰੀ ਜਾਂ ਡੈਨਮੋ ਠੀਕ ਕਰਾਉਣ ਆ ਜਾਂਦੇ ਸਨ ਅਤੇ ਬਾਹਰ ਸੜਕ ਤੇ ਖਲੋ ਕੇ ਆਮ ਬੰਦਿਆਂ ਵਾਂਗ ਗੋਲਗੱਪੇ ਖਾਣ ਲਗ ਪੈਂਦੇ ਸਨ । ਉਸ ਵੇਲੇ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਜੀ ਦੇ ਵਖ ਵਖ ਧੜੇ ਸਨ ਅਤੇ ਸ਼ਰੋਮਣੀ ਕਮੇਟੀ ਤੇ ਗਿਆਨੀ ਧੜੇ ਦਾ ਕਬਜ਼ਾ ਸੀ ਇਸ ਗਲ ਦਾ ਬਹੁਤ ਲੋਕਾਂ ਨੂੰ ਪਤਾ ਸੀ । ਹੌਲੀ ਹੌਲੀ ਖਬਰ ਫੈਲ ਗਈ ਕਿ ਗਿਆਨੀ ਕਰਤਾਰ ਸਿੰਘ ਆ ਗਿਆ ਹੈ । ਲੋਕ ਵੇਖਣ ਵਾਸਤੇ ਉਮਡ ਪਏ ਪਰ ਉਹਨਾਂ ਨੂੰ ਬੜੀ ਹੈਰਾਨੀ ਅਤੇ ਪਰੇਸ਼ਾਨੀ ਹੋਈ ਗਿਆਨੀ ਜੀ ਦੇ ਦਰਸ਼ਨ ਕਰਕੇ । ਉਹ ਆਣ ਕੇ ਪੁਛਣ ਕਿ ਕਿਹੜਾ ਹੈ ਗਿਆਨੀ ਕਰਤਾਰ ਸਿੰਘ ਤੇ ਮੈਂ ਇਸ਼ਾਰਾ ਕਰਕੇ ਦਸਾਂ ਉਹ ਜੋ ਖੇਤਾਂ ਦੇ ਮੁਢ ਖੜਿਆ ਹੈ । ਗਿਆਨੀ ਜੀ ਉਥੇ ਖੜੇ ਹੋ ਕੇ ਹੀ ਛਰਲਾ ਛਡ (ਪੇਸ਼ਾਬ ਕਰ) ਰਹੇ ਸਨ । ਵੇਖ ਕੇ ਕੁਝ ਮੁੰਡਿਆਂ ਕਿਹਾ—"ਹੱਤ ਤੇਰੇ ! ਏਡਾ ਵੱਡਾ ਬੰਦਾ ਹੋ ਕੇ ਖੜ੍ਹ ਕੇ ਪੇਸ਼ਾਬ ਕਰਦਾ ਹੈ ।" ਪਰ ਗਿਆਨੀ



Sri Satguru Jagjit Singh Ji eLibrary NamdhariElibrary@gmail.com

ਕਰਤਾਰ ਸਿੰਘ ਨੂੰ ਕੁਝ ਪਤਾ ਜਾਂ ਪਰਵਾਹ ਨਹੀਂ ਸੀ ਉਹ ਉਸੇ ਤਰ੍ਹਾਂ ਹੀ ਫਕੀਰਾਂ ਵਾਂਗੂ ਦੀਵਾਨ ਨੂੰ ਚਲੇ ਗਏ। ਦੀਵਾਨ-ਅਸਥਾਨ ਵਿਚ ਸੰਤ ਕਰਮ ਸਿੰਘ ਬਾਲਮ ਦਾ ਦੀਵਾਨ ਲਗਾ ਹੋਇਆ ਸੀ। ਜਥੇਦਾਰ ਗਿਆਨ ਸਿੰਘ ਨਾਲ ਹਾਰਮੋਨੀਅਮ ਵਜਾ ਰਹੇ ਸਨ। ਬਾਲਮ ਅਕਸਰ ਬੈਠ ਕੇ ਦੀਵਾਨ ਲਾਉਂਦੇ ਸਨ, ਪਰ ਅਜ ਉਹ ਖੜੋਕੇ ਵਿਖਿਆਨ ਕਰ ਰਹੇ ਸਨ। ਉਹਨਾਂ ਧਾਰਨ ਪੜ੍ਹੀ —ਮੁਸ ਮੁਸ ਰੋਂਵੈ ਕਬੀਰ ਕੀ ਮਾਈ। ਅਸੀਂ ਸੋਚਿਆ ਕਿ ਤਿਆਰ ਹੋ ਕੇ ਦੀਵਾਨ ਸੁਣਦੇ ਹਾਂ। ਇੰਨੇ ਨੂੰ ਮੇਰੇ ਤਾਏ ਗਿਆਨੀ ਤੇਜਾ ਸਿੰਘ ਨੇ ਆ ਕੇ ਦਸਿਆ ਕਿ ਦੀਵਾਨ ਸਮਾਪਤ ਹੋ ਗਿਆ ਹੈ। ਹੁਕਮ ਆਇਆ ਕਿ ਕੀਰਤਨ ਦੀ ਸਮਾਪਤੀ ਕੀਤੀ ਜਾਵੇ ਅਤੇ ਦਸਤਾਰਬੰਦੀ ਵਾਲਾ ਸਮਾਗਮ ਇਕ ਘੰਟਾ ਵਧਾ ਦਿਤਾ ਗਿਆ ਹੈ ਭਾਵ ਪਹਿਲੋਂ ਸ਼ੁਰੂ ਹੋ ਜਾਵੇਗਾ।

ਅਸੀਂ ਫੇਰ ਵੀ ਦੀਵਾਨ ਵਿਚ ਚਲੇ ਗਏ। ਪਾਣੀ ਤਰੌਂਕਿਆ ਜਾ ਰਿਹਾ ਸੀ। ਛੇਤੀ ਛੇਤੀ ਵਛਾਈਆਂ ਹੋ ਕੇ ਕੀਰਤਨ ਸ਼ੁਰੂ ਹੋ ਗਿਆ। ਰਾਗੀਆਂ ਦਾ ਕੀਰਤਨ ਪਰ ਮੈਂ ਇਹ ਰਾਗੀ ਪਹਿਲੀ ਵਾਰ ਹੀ ਵੇਖੇ ਸਨ। ਇਹ ਨਾਮਧਾਰੀ ਰਾਗੀ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਸ਼ਾਇਦ ਜਾ ਕੇ ਨੌਕਰੀ ਕਰਦੇ ਸਨ ਅਤੇ ਅਜ ਮੁੜ ਆਪਣੇ ਘਰ ਇਸ ਅਵਸਰ ਤੇ ਆਉਣੋਂ ਰਹਿ ਨਹੀਂ ਸਨ ਸਕੇ। ਨਾਮਧਾਰੀ ਹਜ਼ੂਰੀ ਜਥੇ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਦਾ ਕੀਰਤਨ ਵੀ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਆਸਣ ਤੇ ਸ਼ੁਸ਼ੋਭਤ ਸਨ। ਅਰਦਾਸ ਬਾਦ ਸ਼ਰਧਾਂਜਲੀਆਂ ਦਾ ਪ੍ਰੋਗਰਾਮ ਸ਼ੁਰੂ ਹੋਇਆ। ਸੰਤ ਇੰਦਰ ਸਿੰਘ ਚੱਕਰਵਰਤੀ ਸਟੇਜ ਸਕੱਤਰ ਸਨ। ਉਹਨਾਂ ਬਹੁਤ ਨਰਮ ਨਰਮ ਸ਼ਬਦਾਂ ਵਿਚ ਖੂਬੀ ਨਾਲ ਭੂਮਿਕਾ ਬੰਨ੍ਹੀ। ਆਏ ਲੋਕਾਂ ਅਤੇ ਲੀਡਰਾਂ ਨੂੰ ਜੀਓ ਆਇਆਂ ਕਿਹਾ ਧੰਨਵਾਦ ਕੀਤਾ। ਇਸ ਸਮੇਂ ਦੀ ਮਹਾਨਤਾ ਨੂੰ ਦੱਸਦਿਆਂ ਕਿਹਾ ਕਿ 'ਰਾਧਾ ਸੁਆਮੀ ਮਤ ਦੇ ਦੋਵੇਂ ਮਹਾਰਾਜ ਆਏ ਹਨ। ਅਕਾਲੀ ਦਲ ਦੇ ਦੋਵੇਂ ਹੀ ਧੜੇ ਇਥੇ ਹਾਜ਼ਰ ਹਨ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਵੀ ਹਾਜ਼ਰ ਹਨ। ਕਾਂਗਰਸ ਕਮਿਊਨਿਸਟ ਸੋਸ਼ਲਿਸਟ ਆਦਿ ਪਾਰਟੀਆਂ ਦੇ ਨੁਮਾਇੰਦੇ, ਨਿਰਮਲ ਮਹਾਂ ਮੰਡਲ ਅਤੇ ਹੋਰ ਬਹੁਤ ਸਾਰੀਆਂ ਸੰਪਰਦਾਵਾਂ ਦੇ ਮੁਖੀ ਜਾਂ ਨੁਮਾਇੰਦੇ ਹਾਜ਼ਰ ਹਨ। ਚੱਕਰਵਰਤੀ ਜੀ ਨੇ ਕਿਹਾ, 'ਇਕ ਬੇਨਤੀ ਹੈ ਕਿ ਇਕ ਤਾਂ ਗੱਲ ਸੰਖੇਪ ਵਿਚ ਕੀਤੀ ਜਾਵੇ, ਦੂਸਰੇ ਕਿਸੇ ਹੋਰ ਪਾਰਟੀ ਜਾਂ ਧੜੇ ਖਿਲਾਫ ਕੋਈ ਗੱਲ ਨਾ ਕੀਤੀ ਜਾਵੇ।' ਇਕ ਗੱਲ ਵਿਸ਼ੇਸ਼ ਉਹਨਾਂ ਕਹੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਵਾਸਤੇ ਬਹੁਤ ਸਾਰੇ ਸੱਜਣ ਦਸਤਾਰਾਂ ਲੈ ਕੇ ਆਏ ਹਨ, ਪਰ ਸਤਿਗੁਰੂ ਜੀ ਇਕ ਦਸਤਾਰ ਪੰਥ ਵਲੋਂ ਭੇਟਾ ਕੀਤੀ ਹੀ ਸਜਾਉਣਗੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਦਸਤਾਰ ਸਜਾ ਕੇ ਖੜ੍ਹੇ ਹੋ ਕੇ ਹੱਥ ਜੋੜ ਕੇ ਸਭ ਨੂੰ ਦਰਸ਼ਨ ਦਿਤੇ।

ਫੇਰ ਬੜਾ ਲੰਮਾ ਚਿਰ ਸ਼ਰਧਾਂਜਲੀਆਂ ਦਾ ਸਿਲਸਲਾ ਚਲਦਾ ਰਿਹਾ, ਪਰ ਸਭ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਬੋਲੇ। ਉਨ੍ਹਾਂ ਕਿਹਾ ਕਿ "ਏਸ ਵੇਲੇ ਪੰਥ ਨੂੰ ਬਹੁਤ ਭਾਰੀ ਖਤਰਾ ਹੈ। ਜਿਵੇਂ ਬਾਬਾ ਰਾਮ ਸਿੰਘ ਜੀ ਅਤੇ ਬਾਬਾ ਪ੍ਰਤਾਪ ਸਿੰਘ ਜੀ ਨੇ ਪੰਥ ਦੀ ਬੜੀ ਖਿਦਮਤ ਕੀਤੀ...ਤੁਸੀਂ ਅੱਜ ਬਾਬਾ ਰਾਮ ਸਿੰਘ ਜੀ ਦੀ ਗੱਦੀ ਤੇ ਬੈਠੇ ਹੋ .. ਇਸ ਵੇਲੇ ਪੰਥ ਦੀ ਸਹਾਇਤਾ ਕਰੋ।" ਇਹ ਭਾਵ ਸਨ ਮਾਸਟਰ ਜੀ ਦੇ, ਭਾਵੇਂ ਸ਼ਬਦਾਂ ਵਿਚ ਫਰਕ ਹੋਵੇ। ਦੂਜੇ ਨੰਬਰ ਤੇ ਮਹਾਰਾਜਾ ਪਟਿਆਲਾ ਬੋਲੇ, ਜਿਨ੍ਹਾਂ ਨੂੰ ਚਕ੍ਰਵਰਤੀ ਜੀ ਨੇ ਮਹਾਰਾਜ ਕਰਕੇ ਸੰਬੋਧਤ ਕੀਤਾ। ਮਹਾਰਾਜਾ ਯਾਦਵਿੰਦਰ ਸਿੰਘ ਦਾ ਪਹਿਲਾ ਫਿਕਰਾ ਸੀ—"ਮੈਂ ਨਹੀਂ ਮੰਨੂਗਾ ਕਿ ਪੰਥ ਨੂੰ ਖ਼ਤਰਾ ਹੈ...।" ਉਸ ਤੋਂ ਬਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪੰਥ ਪਰੇਮ ਤੇ ਏਕਤਾ ਦੀ ਰੁਚੀ ਦਾ ਉਹਨਾਂ ਜ਼ਿਕਰ ਕੀਤਾ। ਗਿਆਨੀ ਕਰਤਾਰ ਸਿੰਘ ਜਦੋਂ ਬੋਲੇ ਤਾਂ ਸਕਤਾ ਛਾ ਗਿਆ। ਭਰਵੀਂ ਸਪਸ਼ਟ ਆਵਾਜ਼ ਵਿਚ ਜਿਹੜੀ ਗੱਲ ਉਨ੍ਹਾਂ ਕਹੀ ਉਸ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖਸੀਅਤ ਬਹੁਤ ਬੁਲੰਦ ਦਿਸਦੀ ਸੀ। ਇਹ ਗੱਲ ਮੈਂ ਸੁਣੀ ਵੀ ਪਹਿਲੀ ਵਾਰ। ਉਨ੍ਹਾਂ ਕਿਹਾ ਕਿ —"ਨਾਮਧਾਰੀਏ ਬਾਰਾ ਪਾਤਸ਼ਾਹੀਆਂ ਦੀ ਅਰਦਾਸ ਕਰਦੇ ਹਨ ਅਤੇ ਅਸੀਂ ਦਸਾਂ ਪਾਤਸ਼ਾਹੀਆਂ ਦੀ। ਇਸ ਗੱਲ ਤੋਂ ਲੜਾਈਆਂ ਵੀ ਵੀ ਹੋ ਜਾਂਦੀਆਂ ਸਨ। ਜਦ ਬਾਬਾ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਵਿਚ ਗੁਰੂ ਨਾਨਕ ਨਾਮਲੇਵਾ ਸਰਬ ਸੰਪਰਦਾਇ ਕਾਨਫਰੰਸ ਸੱਦੀ ਤਾਂ ਉਨ੍ਹਾਂ ਸਾਹਮਣੇ ਇਕ ਅੜਾਉਣੀ ਪਾ ਦਿਤੀ ਗਈ ਕਿ ਅਸੀਂ ਤਾਂ ਜਾਂਦੇ ਹਾਂ, ਜੇ ਤੁਸੀਂ ਅਰਦਾਸ ਦਸਾਂ ਪਾਤਸ਼ਾਹੀਆਂ ਦੀ ਕਰੋ ..? ਬਾਬਾ ਪ੍ਰਤਾਪ ਸਿੰਘ ਜੀ ਨੇ ਆਪਣੇ ਕੇਂਦਰ ਵਿਚ ਇਹ ਅਰਦਾਸ ਕਰਾਉਣੀ ਪ੍ਰਵਾਨ ਕਰ ਲਈ, ਪਰ ਗੁਰੂ ਨਾਨਕ ਨਾਮਲੇਵਾ ਸਰਬ ਸੰਪਰਦਾਵਾਂ ਵਿਚ ਏਕਤਾ ਕਾਇਮ ਕਰ ਦਿਤੀ। ਇਹ ਉਨ੍ਹਾਂ ਦਾ ਬਹੁਤ ਵਡਾ ਪਰ-ਉਪਕਾਰ ਸੀ।" ਗਿਆਨੀ ਕਰਤਾਰ ਸਿੰਘ ਦੀ ਸਾਦੇ ਸ਼ਬਦਾਂ



Sri Satguru Jagjit Singh Ji eLibrary NamdhariElibrary@gmail.com

ਵਾਲੀ ਤਕਰੀਰ ਨੇ ਬਹੁਤ ਪ੍ਰਭਾਵ ਪਾਇਆ । ਅਕਾਲੀਆਂ ਵਲੋਂ ਤੀਸਰਾ ਆਗੂ ਸੀ ਸ. ਅਮਰ ਸਿੰਘ ਦੁਸਾਂਝ ਜੋ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਜਨਰਲ ਸਕੱਤਰ ਸੀ । ਭਾਸ਼ਣ ਕਲਾ ਦਾ ਦੁਸਾਂਝ ਵੀ ਮਾਹਰ ਸੀ ਅਤੇ ਮਹੱਤਤਾ ਵਾਲੀ ਗੱਲ ਇਹ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਤਿਕਾਰ ਵਜੋਂ ਸ਼੍ਰੋਮਣੀ ਕਮੇਟੀ ਵਲੋਂ ਦਸਤਾਰ ਭੇਟ ਕੀਤੀ ਗਈ । ਕਾਂਗਰਸ ਪਾਰਟੀ ਦੇ ਸ. ਸਵਰਨ ਸਿੰਘ, ਗਿਆਨੀ ਜ਼ੈਲ ਸਿੰਘ, ਸ. ਦਰਬਾਰਾ ਸਿੰਘ, ਪਤਾ ਨਹੀਂ ਉਦੋਂ ਉਹ ਕਾਂਗਰਸ ਵਿਚ ਸਨ ਜਾਂ ਬਾਹਰ ਪਰ ਹਿੰਦ ਸਮਾਚਾਰ ਦੇ ਮਾਲਕ ਲਾਲਾ ਜਗਤ ਨਰਾਇਣ ਜੀ ਵੀ ਬੋਲੇ । ਪਰ ਮੁਖ ਮੰਤਰੀ ਸ. ਪਰਤਾਪ ਸਿੰਘ ਕੈਰੋਂ ਨਾ ਆਇਆ । ਸਾਂਝੀ ਕਮਿਊਨਿਸਟ ਪਾਰਟੀ ਦੇ ਦੋ ਵਧੀਆ ਬੁਲਾਰੇ ਸਨ ਸਾਥੀ ਸੋਹਣ ਸਿੰਘ ਜੋਸ਼ ਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਸੋਸ਼ਲਿਸਟ ਪਾਰਟੀ ਵਲੋਂ ਨੌਜਵਾਨ ਹਰਭਜਨ ਸਿੰਘ ਜੋ ਬਾਦ ਵਿਚ ਪੰਜਾਬ ਦਾ ਮੰਤਰੀ ਵੀ ਬਣਿਆ ਬੋਲਿਆ । ਹਰਭਜਨ ਸਿੰਘ ਹੋਰਾਂ ਵੋਟਾਂ ਅਤੇ ਇਲੈਕਸ਼ਨ ਦੇ ਸੰਬੰਧ ਵਿਚ ਕੋਈ ਗਲ ਕਹੀ ਜਿਸ ਕਰਕੇ ਥੋੜਾ ਜਿਹਾ ਵਿਵਾਦ ਹੋਇਆ ਪਰ ਚਕਰਵਰਤੀ ਜੀ ਨੇ ਮੁੜ ਸਭ ਕੁਝ ਸਪਸ਼ਟ ਕੀਤਾ ਤੇ ਅਜਿਹੀਆਂ ਟਿਪਣੀਆਂ ਤੋਂ ਗੁਰੇਜ਼ ਕਰਨ ਲਈ ਕਿਹਾ । ਬੰਬਈ ਵਾਲੇ ਮਾਣਕਰ ਜੀ, ਲਾਲਾ ਹਰਦੇਵ ਸਹਾਇ ਅਤੇ ਹੋਰ ਬਹੁਤ ਸਾਰੇ ਬੋਲੇ । ਬਹੁਤ ਲੰਮਾ ਸਿਲਸਿਲਾ ਚਲਦਾ ਰਿਹਾ ਪਰ ਅਸੀਂ ਫੇਰ ਉਠ ਕੇ ਚਲੇ ਗਏ । ਸਤਿਜੁਗ ਸਪਤਾਹਕ ਦੇ ਵਿਸ਼ੇਸ਼ ਅੰਕ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ ਨੇ ਇਸ ਸਮਾਗਮ ਦੀ ਬਹੁਤ ਸੰਪੂਰਨ ਰਿਪੋਰਟ ਪ੍ਰਕਾਸ਼ਤ ਕੀਤੀ ਸੀ । ਇਹ ਪੜ੍ਹ ਕੇ ਹੈਰਾਨ ਹੋਈਦਾ ਹੈ ਕਿ ਕਿਵੇਂ ਏਡਾ ਵਡਾ ਆਯੋਜਨ ਸਮੇਟਿਆ ਗਿਆ ।

ਅਗਲੇ ਦਿਨ ਅਨੰਦ ਕਾਰਜ ਸਨ । ਬਹੁਤ ਤੜਕੇ ਸਾਨੂੰ ਅਨੰਦ ਮੰਡਪ ਵਿਚ ਬਿਠਾ ਦਿਤਾ ਗਿਆ । ਆਸਾ ਦੀ ਵਾਰ ਦਾ ਕੀਰਤਨ ਹੋਇਆ, ਹਵਨ ਹੋਇਆ । ਸਾਨੂੰ ਅੰਮ੍ਰਿਤ ਛਕਾਇਆ ਗਿਆ ਚਾਰ ਲਾਵਾਂ ਲਈਆਂ ਅਨੰਦ ਕਾਰਜ ਹੋ ਗਿਆ । ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਵਿਚ ਅਨੰਦ ਕਾਰਜ ਕਰਾਉਣ ਵਾਲਾ ਪਹਿਲਾ ਜਥਾ ਸੀ । ਜਦੋਂ ਪਾਠਾਂ ਦੇ ਭੋਗ ਪੈ ਗਏ, ਹੋਰ ਕਾਰਜ ਹੋ ਗਏ ਤਾਂ ਸਾਡਾ ਗੰਢ-ਚਿਤਰਾਵਾ ਖੋਲ੍ਹਿਆ ਗਿਆ । ੧੧ ਸਤੰਬਰ ੧੯੫੯ ਦਾ ਦਿਨ ਸੀ । ਘੰਟਿਆਂ ਬੱਧੀ ਬੈਠਣ ਨਾਲ ਮੈਨੂੰ ਜ਼ਬਰਦਸਤ ਪਿਸ਼ਾਬ ਆਇਆ ਹੋਇਆ ਸੀ । ਮੇਰੀ ਸਾਰੀ ਸ਼ਕਤੀ ਇਹਨੂੰ ਰੋਕਣ ਤੇ ਲਗੀ ਹੋਈ ਸੀ । ਜਿਉਂ ਹੀ ਪੱਲੇ ਦੀ ਗੰਢ ਖੋਲ੍ਹੀ ਮੈਂ ਸ਼ੂਟ ਵੱਟੀ ਤੇ ਦੂਰ ਖੇਤਾਂ ਨੂੰ ਦੌੜ ਗਿਆ । ਜਦ ਮੈਂ ਵਾਪਸ ਆਇਆ..... ਨਾ ਓਥੇ ਸਤਿਗੁਰੂ ਜੀ ਸਨ, ਨਾ ਦੀਵਾਨ ਅਤੇ ਨਾ ਮੇਰੀ ਨਵੀਂ ਬਣੀ ਪਤਨੀ ! ਇਕ ਔਰਤ ਮੇਰੇ ਪਿੱਛੇ ਫੇਰਿਆਂ ਵੇਲੇ ਤੁਰਦੀ ਰਹੀ ਸੀ । ਮੂੰਹ ਨੰਗਾ ਹੋਣ ਦੇ ਬਾਵਜੂਦ ਵੀ ਮੈਂ ਵੇਖੀ ਨਹੀਂ ਸੀ ।

ਵਾਪਸੀ ਤੇ ਮੁਖ ਸੜਕ ਤੇ ਚੜ੍ਹਦਿਆਂ ਹੀ ਪੁਲਿਸ ਨੇ ਮੁੜ ਰੋਕ ਲਿਆ । ਸਰਦਾਰ ਠਾਣੇਦਾਰ ਸੀ ।

"ਫੁਟ ਬਰੇਕ ਜਗਾਓ, ਨਾ ਜਗੀ, ਹੈਂਡ ਬਰੇਕ ਹੈ ਹੀ ਨਹੀਂ ਹਾਰਨ ਵਜਾਉਣ ਵਾਲਾ ਬਟਨ ਨਹੀਂ ਆਦਿ ਆਦਿ ਜਦੋਂ ਕਾਰ ਦੀ ਗਰੀਬੀ ਦਾ ਚਰਚਾ ਹੋਣ ਲਗਾ ਤਾਂ ਵਡੇ ਮਾਮਾ ਜੀ ਨੇ ਕਿਹਾ ਕਿ ਅਸੀਂ ਤਾਂ ਗੁਰੂਆਂ ਦੇ ਦਰਸ਼ਨ ਕਰਨ ਆਏ ਹਾਂ । ਉਹ ਕਹਿਣ ਲਗਾ ਅਸੀਂ ਵੀ ਗੁਰੂਆਂ ਦੇ ਦੁਆਰੇ ਹੀ ਆਏ ਹਾਂ । ਉਹਦੀ ਗਲ ਉਦੋਂ ਸਮਝ ਨਾ ਆਈ ਤੇ ਸਾਡਾ ਚਾਲਾਨ ਹੋ ਗਿਆ ।

## ਪ੍ਰਤੀਕਰਮ

ਵਰਿਆਮ ਹੁਣ ਚੜ੍ਹਦੀ ਕਲਾ ਵਿਚ ਜਾ ਰਿਹਾ ਹੈ । ਸਾਹਿਤ ਵਿਚ ਵੀ ਹੁਣ ਉਸ ਦੀ ਉਚੀ ਉਡਾਰੀ ਲਗ ਰਹੀ ਹੈ । ਤੁਹਾਡੀ ਸਵੈ-ਜੀਵਣੀ ਵੀ ਬੜੀ ਦਿਲਚਸਪ ਹੈ । ਪਿਆਰੇ ਵਰਿਆਮ ਸੰਧੂ ਸਾਹਿਬ ਨੇ ਬੜੀ ਮੁਸ਼ਕਲ ਨਾਲ ਤੁਹਾਨੂੰ ਇਸ ਪਾਸੇ ਲਾਇਆ ਸੀ । ਐਤਕੀਂ ਅਗਸਤ ਦੇ ਵਰਿਆਮ ਵਿਚ ਬੜਾ ਵਧੀਆ ਤੇ ਕੀਮਤੀ ਮੈਟਰ ਹੈ ।

—ਪਿਆਰਾ ਸਿੰਘ ਦਾਤਾ
ਦਿੱਲੀ

—0—

'ਵਰਿਆਮ' ਨੂੰ ਮੈਂ ਬਾਕਾਇਦਗੀ ਨਾਲ ਪੜ੍ਹਦਾ ਹਾਂ । ਵਧੀਆ ਗੱਲ ਤਾਂ ਇਹ ਹੈ ਕਿ ਇਸ ਪਰਚੇ ਦੀ ਪੇਸ਼ਕਾਰੀ ਦੂਜੇ ਪਰਚਿਆਂ ਨਾਲੋਂ ਵੱਖਰੀ ਹੈ...ਇਹੀ ਹੋਣਾ ਚਾਹੀਦਾ ਹੈ । ਇਹ ਵੀ ਵਧੀਆ ਗੱਲ ਹੈ ਕਿ ਤੁਸੀਂ ਪੁਰਾਣੀਆਂ ਯਾਦਾਂ ਰਾਹੀਂ ਵਿਸਰ ਰਹੀਆਂ ਘਟਨਾਵਾਂ ਅਤੇ ਸਭਿਆਚਾਰ ਨੂੰ ਤਾਜ਼ਾ ਕਰ ਰਹੇ ਹੋ ।

—ਗੁਰਦਿਆਲ ਰੌਸ਼ਨ
ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ (ਇਸਤਰੀ) ਵਿਦਿਅਕ ਜੱਥੇ ਦਾ ਸੰਮੇਲਨ

—ਸਿੰਦਰ ਕੌਰ ਦਿੱਲੀ

ਇਹ ਮੇਰੀ ਭੁੱਲ ਹੈ ਕਿ ਮੈਂ ਉਹ ਤਾਰੀਖ ਯਾਦ ਨਹੀਂ ਰੱਖੀ ਜੋ ਕਿ ਬਹੁਤ ਹੀ ਜ਼ਰੂਰੀ ਸੀ, ਪਰ ਇਤਨਾ ਯਾਦ ਹੈ ਜੂਨ ੧੯੮ ਦਾ ਦਿਨ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਨੇ ਬੀਬੀਆਂ ਨੂੰ ਵਿਦਿਅਕ ਸੰਮੇਲਨ ਸ਼ੁਰੂ ਕਰਨ ਦੀ ਆਗਿਆ ਬਖਸ਼ੀ ਸੀ। ਪੂਜਯ ਬੀਬਾ ਜੀ ਨੇ ਆਪ ਸ੍ਰੀ ਸਤਿਗੁਰੂ ਜੀ ਨੂੰ ਪੁਸ਼ਪ ਹਾਰ ਭੇਟ ਕਰਕੇ ਸੰਮੇਲਨ ਸ਼ੁਰੂ ਕਰਨ ਦੀ ਆਗਿਆ ਲਈ ਸੀ। ਇਹ ਸ਼ੁਭ ਸਥਾਨ ਸੀ— ਸ੍ਰੀ ਭੈਣੀ ਸਾਹਿਬ ਦਾ ਰਾਮ ਮੰਦਿਰ। ਉਸ ਸੁਭਾਗ ਸਮੇਂ ਦੇ ਦਾਸ ਵੀ ਦਰਸ਼ਨ ਕਰ ਸਕੀ ਸੀ। ਓਦੋਂ ਵੀ ਸ੍ਰੀ ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਬੀਬੀਆਂ ਨੂੰ ਬਹੁਤ ਹੀ ਵਧੀਆ ਨੇਤਾ ਅਗਵਾਈ ਕਰਨ ਵਾਸਤੇ ਦਿਤੀਆਂ ਸਨ— ਬੀਬੀ ਮਹਿੰਦਰ ਕੌਰ ਜੀ ਹੁਸ਼ਿਆਰਪੁਰ ਵਾਲੇ ਪ੍ਰਧਾਨ (ਜੋ ਅੱਜ ਕਲ੍ਹ ਸੂਬਾ ਜੀ ਹਨ) ਅਤੇ ਬੀਬੀ ਦਰਸ਼ਨਾ ਜੀ ਦਿੱਲੀ ਵਾਲੇ ਸਕੱਤਰ। ਇਹ ਇਕ ਵਧੀਆ ਬੀਜਿਆ ਹੋਇਆ ਬੀਜ ਅੱਗੇ ਚੱਲ ਕੇ ਇਕ ਵਧੀਆ ਫੁੱਲਦਾਰ, ਫ਼ਲਦਾਰ, ਖੁਸ਼ਬੂਦਾਰ ਅਤੇ ਰਾਹੀਆਂ ਨੂੰ ਸੁੱਖ ਦੇਣ ਵਾਲਾ, ਘਰਾਂ ਦੀ ਸ਼ੋਭਾ ਵਧਾਣ ਵਾਲਾ, ਬਿਨਾਂ ਕੁਝ ਮੰਗਿਆਂ ਲੋਕਾਂ ਦੀ ਸੇਵਾ ਕਰਨ ਵਾਲਾ ਸੋਹਣਾ ਬਿਰਖ ਬਣ ਗਿਆ ਹੈ। ਜਿਵੇਂ ਇਕ ਨਿੱਕਾ ਬੱਚਾ ਪਹਿਲਾਂ ਡਿਗ ਡਿਗ ਬੈਠਣਾ, ਫਿਰ ਰਿੜ੍ਹਨਾ ਤੇ ਫਿਰ ਹੌਲੀ ਹੌਲੀ ਤੁਰਨਾ ਸਿਖਦਾ ਹੈ, ਫਿਰ ਛਲਾਂਗਾਂ ਮਾਰਦਾ, ਕਿਲ-ਕਾਰੀਆਂ ਮਾਰਦਾ ਤੇ ਅੱਗੇ ਵਡੀਆਂ ਮੱਲਾਂ ਮਾਰਦਾ ਸੋਹਣਾ ਜਵਾਨ ਹੁੰਦਾ ਹੈ—ਉਸੇ ਤਰ੍ਹਾਂ ਇਹ ਛੋਟੀ ਜਿਹੀ ਪੱਧਰ ਤੇ ਸ਼ੁਰੂ ਹੋਇਆ ਸੰਮੇਲਨ ਅਜ ਵਡੀਆਂ ਮੱਲਾਂ ਮਾਰਨ ਲਗ ਪਿਆ ਏ...ਜਵਾਨ ਹੋ ਪਿਆ ਏ। ਉਸੇ ਸੰਨ ਦੀਆਂ ਜਨਮੀਆਂ ਬੱਚੀਆਂ ਜਾਂ ਉਸ ਤੋਂ ਬਾਦ ਦੀਆਂ ਬੱਚੀਆਂ ਹੀ ਨਹੀਂ ਬਲਕਿ ੨-੩ ਸਾਲ ਦੀਆਂ ਬੱਚੀਆਂ ਵੀ ਇਸ ਵਿਚ ਭਾਗ ਲੈਂਦੀਆਂ ਹਨ। ਬੜੇ ਉਤਸ਼ਾਹ ਨਾਲ ਤਿਆਰੀਆਂ ਕਰਕੇ ਸਟੇਜ ਤੇ ਭਾਸ਼ਣ ਦਿੰਦੀਆਂ ਹਨ। ਸੰਗੀਤ ਕਲਾ ਦੇ ਜੌਹਰ ਦਿਖਾਂਦੀਆਂ ਹਨ। ਅਨੇਕਾਂ ਹੋਰ ਆਈਟਮਾਂ ਪੇਸ਼ ਕਰਦੀਆਂ ਹਨ—ਜਿਵੇਂ ਦੀਵਾਨ ਲਗਾਉਣੇ ਅਤੇ ਆਸਾ ਦੀ ਵਾਰ ਲਗਾਉਣੀ। ਆਪਣੀ ਕਲਾ ਦੇ ਜੌਹਰ ਦਿਖਾ ਕੇ ਸਾਡੇ ਮਾਨਯੋਗ ਸਾਨੂੰ ਪੜ੍ਹਾਉਣ ਵਾਲੇ ਮਾਸਟਰ ਜਾਂ ਸਾਡੇ ਹੋਰ ਮਾਨਨੀਯ ਬਜੁਰਗ ਤੇ ਜੱਜ ਸਾਹਿਬਾਨ ਨੂੰ ਸੋਚਣ ਤੇ ਮਜਬੂਰ ਕਰ ਦਿੰਦੀਆਂ ਹਨ ਕਿ ਫੈਸਲਾ ਕਿਵੇਂ ਕਰੀਏ? ਇਸੇ ਕਰਕੇ ੧੯੯੬ ਦੇ ਸੰਮੇਲਨ ਤੇ ਇਸ ਸਮੱਸਿਆ ਨੂੰ ਸੁਲਝਾਣ ਵਾਸਤੇ ਨਾਮ ਨਹੀਂ ਰੋਲ ਨੰਬਰ ਦਿਤੇ, ਤਾਂ ਕਿ ਕਿਸੇ ਬੱਚੀ ਦੇ ਗੁਣ ਨਾਲ ਬੇਇਨਸਾਫੀ ਨਾ ਹੋ ਜਾਵੇ। ਫਿਰ ਵੀ ਜੱਜ ਸਾਹਿਬਾਨ ਬਹੁਤ ਮੁਸ਼ਕਿਲ ਨਾਲ ਫੈਸਲਾ ਕਰਦੇ ਰਹੇ। ਮਾਨਯੋਗ ਪੰਡਤ ਗੋਪਾਲ ਸਿੰਘ ਜੀ ਨੇ ਆਪਣੇ ਬਚਨ ਇਸ ਤਰ੍ਹਾਂ ਆਖੇ: "ਬੀਬੀਆਂ ਦੀ ਤਿਆਰੀ ਵੇਖਕੇ ਜਾਪਦਾ ਏ ਮੁੰਡਿਆਂ ਨਾਲੋਂ ਅੱਗੇ ਨਿਕਲ ਗਈਆਂ ਨੇ।"

ਵੱਡੀ ਖੁਸ਼ੀ ਇਸ ਗੱਲ ਦੀ ਏ ਕਿ ਇਸ ਜਥੇ ਦਾ ਨਾਮ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਤੋਂ ਬਦਲਕੇ ਹੁਣ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਹੋ ਗਿਆ ਏ। ਸ੍ਰੀ ਸਤਿਗੁਰੂ ਜੀ ਕ੍ਰਿਪਾ ਕੀਤੀ ਏ। ਬੀਬੀਆ ਉਤੇ ਇਹ ਉਪਕਾਰ ਕਰਨ ਦੀ ਬਖਸ਼ਿਸ਼ ਕੀਤੀ ਏ। ਵਿਚਲੇ ਸਾਲਾਂ ਦੌਰਾਨ ਪ੍ਰਧਾਨ ਬਣਦੇ ਰਹੇ ਤੇ ਫਿਰ ਬਦਲਕੇ ਹੋਰ ਨਵੇਂ ਬਣਦੇ ਰਹੇ। ਵਧੀਆ ਅਤੇ ਬਹੁਤ ਵਧੀਆ ਸੰਮੇਲਨ ਵਖ ਵਖ ਸ਼ਹਿਰਾਂ ਵਿਚ ਹੁੰਦੇ ਰਹੇ, ਪਰ ੧੯੯੬ ਦਾ ਸੰਮੇਲਨ ਤਾਂ ਐਸਾ ਸੰਮੇਲਨ ਸੀ ਜਿਸ ਨੂੰ ਆਪਣੇ ਮਨ ਦੀ ਯਾਦ ਵਿਚ ਸਾਂਭ ਕੇ ਰੱਖਣਾ ਪਵੇਗਾ। ਮੇਰੇ ਖਿਆਲ ਵਿਚ ਕੋਈ ੩੫ ਜਥੇ ਆਏ ਸਨ। ਆਪਣੀਆਂ ਪੜ੍ਹੀਆਂ ਲਿਖੀਆਂ ਬੱਚੀਆਂ ਨੂੰ ਸੋਹਣੀ ਤਿਆਰੀ ਨਾਲ ਲੈ ਕੇ ਆਈਆਂ ਸਨ ਉਹਨਾਂ ਦੀਆਂ ਸਿਆਣੀਆਂ ਪ੍ਰਧਾਨਾਂ ਤੇ ਹੋਰ ਮੈਂਬਰ ਬੀਬੀਆਂ।

ਸਭ ਤੋਂ ਵਧੀਆ ਗੱਲ ਸੀ ਜਦ ਵੀ ਕੋਈ ਜਥਾ ਸ੍ਰੀ ਭੈਣੀ ਸਾਹਿਬ ਪਹੁੰਚਦਾ ਤਾਂ ਆਪਣੇ ਸੁਚੱਜੇ ਪ੍ਰਬੰਧ ਨਾਲ ਢੋਲਕ ਛੈਣਿਆਂ ਨਾਲ ਕੀਰਤਨ ਕਰਦਾ ਹੋਇਆ ਰਾਮਸਰ ਸ੍ਰੀ ਸਤਿਗੁਰੂ ਜੀ ਦੀ ਕੋਠੀ ਅੱਗੇ ਰੁਕ ਕੇ ਜਦੋਂ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਪਵਿੱਤਰ ਦਰਸ਼ਨ ਦੀ ਮੰਗ ਕਰਦਾ ਤਾਂ ਸ੍ਰੀ ਸਤਿਗੁਰੂ ਜੀ ਕ੍ਰਿਪਾ ਕਰਦੇ। ਆਪ ਕੋਠੀ ਤੋਂ ਬਾਹਰ ਆ ਕੇ ਦਰਸ਼ਨ ਦੇ ਕੇ ਤਪਦੇ ਹਿਰਦਿਆਂ ਨੂੰ ਠਾਰਦੇ। ਇਵੇਂ ਹੀ ਸਿਮ੍ਰਤੀ ਮੰਦਿਰ ਦੇ ਦਰਵਾਜ਼ੇ ਅਗੇ ਜਥਾ ਪਹੁੰਚਣ ਤੇ ਸਾਡੀਆਂ ਸੁਚੱਜੀਆਂ ਪ੍ਰਬੰਧਕ ਬੀਬੀਆਂ ਅਗੋਂ ਇਵੇਂ ਸਵਾਗਤ ਕਰਦੀਆ ਜਿਵੇਂ ਕਿਸੇ ਘਰ ਸੰਤ ਪ੍ਰਾਹੁਣੇ ਆਉਣ ਤੇ ਸਭ ਮਿਲਣੀ ਹੁੰਦੀ ਏ ਤੇ ਘਰ ਵਾਲੇ ਸ਼ਬਦ ਪੜ੍ਹਦੇ ਨੇ—



Sri Satguru Jagjit Singh Ji eLibrary NamdhariElibrary@gmail.com

"ਕੀਰਤਨ ਹੋਆ ਰੈਣ ਸਬਾਈ, ਆਏ ਸੰਤ ਪ੍ਰਾਹੁਣੇ" ਜਾਂ "ਹਮ ਘਰ ਸਾਜਨ ਆਏ ਪਿਆਰਿਆ"। ਇਹ ਸਿਲਸਿਲਾ ਉਦੋਂ ਤਕ ਚਲਦਾ ਰਿਹਾ ਜਦੋਂ ਤਕ ਪੂਰੇ ਜਥੇ ਸ੍ਰੀ ਭੈਣੀ ਸਾਹਿਬ ਪਹੁੰਚ ਨਹੀਂ ਗਏ। ਇਹ ਦ੍ਰਿਸ਼ ਵਰਣਨ ਕਰਨ ਵਾਸਤੇ ਕਿਸੇ ਕਵੀ ਦੀ ਕਲਮ ਚਾਹੀਦੀ ਏ। ਮੈਂ ਅਨਜਾਨ ਜਹੀ ਕਿਵੇਂ ਲਿਖਾਂ।

ਜਦੋਂ ਬਚੀਆਂ ਦਾ ਕਵੀ ਦਰਬਾਰ ਹੋਇਆ ਤੇ ਇੰਜ ਪਿਆ ਜਾਪਦਾ ਸੀ ਸਾਰੇ ਈ ਚਿਟੇ ਰੰਗ ਦੇ ਨਿਕੇ ਨਿਕੇ ਫੁਲ ਫੁਲਵਾੜੀ ਵਿਚ ਖਿੜ ਪਏ ਨੇ ਤੇ ਆਪਣੇ ਮੂੰਹੋਂ ਕਵਿਤਾ ਕਹੀ ਜਾ ਰਹੇ ਨੇ ਤੇ ਬਚਿਆ ਏ ਨਾਮ ਸਿਮਰਨ ਦੌਰਾਨ ਤਾ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਦੇਵ ਸਰੂਪ-ਦੇਵੀਆਂ-ਧਰੂ-ਪ੍ਰਹਿਲਾਦ ਦਾ ਰੂਪ ਇਥੇ ਬੈਠੀਆਂ ਨੇ ਬਚੀਆ ਆਸਣ ਮਾਲਾ-ਗੜਵੇ ਸਮੇਤ।

ਇਕ ਹੋਰ ਬਹੁਤ ਵਧੀਆ ਗਲ ਵੇਖਣ ਵਿਚ ਆਈ ਜਿਥੇ ਸਾਡੀਆਂ ਵਿਸ਼ਵ ਜਥੇ ਦੀਆਂ ਬਹੁਤ ਸਿਆਣੀਆਂ ਬੀਬੀਆਂ ਬੀਬੀ ਕੁਲਵੰਤ ਜੀ ਸਕਤਰ ਤੇ ਬੀਬੀ ਸੁਖਜੀਤ ਜੀ ਪ੍ਰਧਾਨ ਸਟੇਜ ਆਪ ਸੰਭਾਲਦੇ ਸਨ ਉਥੇ ਉਹਨਾਂ ਸਮੇਂ-ਸਮੇਂ ਸਿਰ ਲੜਕੀਆਂ ਨੂੰ ਵੀ ਸਟੇਜ ਤੇ ਅਨਾਉਂਸਰ ਬਣਾ ਕੇ ਅਗੇ ਵਧਣ ਦੀ ਜਾਚ ਦਸੀ। ਸੰਮੇਲਨ ਵਿਚ ਭਾਗ ਲੈਣ ਆਈਆਂ ਬਚੀਆ ਵਿਚੋਂ ਕਦੀ ਸੰਗੀਤ ਦੇ ਟਾਈਮ ਤੇ ਮਾਈਕ ਫੜਾ ਕੇ ਉਹਨਾਂ ਆਉਣ ਵਾਲੇ ਸਮੇਂ ਦੀ ਜ਼ੁੰਮੇਵਾਰੀ ਦਸੀ ਜਾਂਦੀ ਕਦੇ ਉਹਨਾਂ ਭਾਸ਼ਣ ਦੌਰਾਨ ਸਟੇਜ ਸੌਂਪੀ ਜਾਂਦੀ ਤੇ ਹੋਰ ਵੀ ਸਮਿਆਂ ਤੇ ਜਿਵੇਂ ਸਜਾਵਟ ਕਰਨੀ ਰੰਗੋਲੀ ਬਣਾਨੀ ਕਦੀ ਹਾਲ ਦੀ ਸਫਾਈ ਕਰਨੀ ਤੇ ਕਦੀ ਲੰਗਰ ਵਰਤਾਨ ਦੀ ਡਿਊਟੀ ਲਗਾ ਕੇ ਬਚੀਆਂ ਨੂੰ ਸਿਖਾਇਆ ਜਾਂਦਾ ਕਿ ਤੁਸੀਂ ਆਉਣ ਵਾਲੇ ਵਿਚ ਸਭ ਕੁਝ ਸੰਭਾਲਣਾ ਹੈ। ਹੁਣ ਤੋਂ ਜਾਚ ਸਿਖੋ। ਜਦੋਂ ਸਿਲਾਈ ਸਿਖਾਈ ਜਾ ਰਹੀ ਸੀ ਤਾਂ ਵੀ ਬਚੀਆਂ ਬੜੇ ਧਿਆਨ ਨਾਲ ਸਿਖ ਰਹੀਆਂ ਸਨ ਤੇ ਜਦੋਂ ਵਾਰੀ ਆਈ ਕੁਕਿੰਗ ਦੀ ਤਾਂ ਫਿਰ ਤਾਂ ਕਿਵੇਂ ਮੈਂ ਦਸਾਂ, ਬਚੀਆਂ ਨੇ ਵਡੀਆਂ ਬੀਬੀਆਂ ਨੇ ਧਿਆਨ ਨਾਲ ਨਵੀਆਂ ਨਵੀਆ ਖਾਣੇ ਦੀ ਆਈਟਮਾ ਬਣਾਨੀਆਂ ਸਿਖੀਆਂ—ਤੇ ਸਿਖਾਣ ਵਾਲੀਆਂ ਬੀਬੀਆਂ ਸਨ, ਲੁਧਿਆਣੇ ਤੋਂ ਬੀਬੀ ਹਰਮੀਤ ਕੌਰ ਤੇ ਹਰਭਜਨ ਕੌਰ। ਦਿੱਲੀ ਵਾਲੇ ਬੀਬੀ ਸੁਖਬੀਰ ਜੀ ਸੋਧ ਮਰਿਯਾਦਾ ਨਾਲ ਲੰਗਰ ਬਣਾਨ ਦੀ ਵਿਧੀ ਦਸ ਰਹੇ ਸਨ। ਬਾਕੀ ਵੀ ਉਹਨਾਂ ਦੀਆਂ ਸਹਿਯੋਗਣ ਬੀਬੀਆਂ ਬਹੁਤ ਹੀ ਸੁਚਜੇ ਢੰਗ ਨਾਲ ਦਸ ਰਹੀਆਂ ਸਨ ਤੇ ਬੀਬੀਆਂ ਵਲੋਂ ਇਕ ਪੁਸਤਕ ਵੀ ਰੀਲੀਜ਼ ਕਰਵਾਈ ਗਈ "ਖਾਣਾ—ਖਜ਼ਾਨਾ" ਜੋ ਲੁਧਿਆਣੇ ਦੀਆਂ ਬੀਬੀਆਂ ਵਲੋਂ ਬੜੀ ਮਿਹਨਤ ਨਾਲ ਤਿਆਰ ਕੀਤੀ ਸੀ।

ਸਤਿਗੁਰੂ ਜੀ ਦੀ ਕਿਰਪਾ ਨਾਲ ਪਤਾ ਹੀ ਨਹੀਂ ਲਗਿਆ ਕਿ ਸੰਮੇਲਨ ਦੇ ਪੰਜ ਦਿਨ ਕਦੋਂ ਬੀਤ ਗਏ—ਪਰ ਉਹ ਪੰਜ ਦਿਨ ਅਸੀਂ ਭੁਲ ਨਹੀਂ ਸਕਦੇ। ਹੋਰ ਵੀ ਇੰਨਾ ਕੁਝ ਹੋਇਆ ਸਤਿਜੁਗ ਵਿਚ ਗੁਰਦੀਪ ਸਿੰਘ ਜੀ ਨੇ ਇੰਨੀਆ ਵਧੀਆ ਰਿਪੋਰਟ ਲਿਖੀ ਏ ਕਿ ਮੇਰੇ ਲਿਖਣ ਲਈ ਕੁਝ ਬਚਿਆ ਈ ਨਹੀਂ-ਤੇ ਉਸ ਤੋਂ ਬਾਦ ਮਾਨਯੋਗ ਮਾਸਟਰ ਨਿਹਾਲ ਸਿੰਘ ਜੀ ਨੇ ਆਪਣੇ ਢੰਗ ਨਾਲ ਸੰਮੇਲਨ ਦੀ ਸਿਫ਼ਤ ਕਰਨ ਵਿਚ ਬਾਕੀ ਕੋਈ ਕਸਰ ਨਹੀਂ ਛਡੀ ਪਰ ਚਲੋ ਜੋ ਮੈਂ ਲਿਖਿਆ ਹੈ ਪਾਠਕ ਇਹ ਵੀ ਪੜ੍ਹਕੇ ਦਸਣ ਕਿ ਅਗੇ ਤੋਂ ਮੈਂ ਕੁਝ ਲਿਖਣ ਦੀ ਕੋਸ਼ਿਸ਼ ਕਰਾਂ ਕਿ ਨਾ।

ਮੈਂ ਤੇ ਘਰ ਆਉਂਦਿਆਂ ਅਗਲਾ ਸੰਮੇਲਨ ਉਡੀਕਣਾ ਵੀ ਲਗ ਪਈ ਆਂ। ਕਦੋਂ ਜੂਨ ਆਵੇ ਤੇ ਕਦੋਂ ਫਿਰ ਮਿਲਕੇ ਬੈਠੀਏ। ਆਸ ਕਰਦੇ ਹਾਂ ਕਿ ਇਸ ਸੰਮੇਲਣ ਰੂਪੀ ਦੀਆਂ ਸ਼ਾਖਾਵਾਂ ਇਵੇਂ ਈ ਫੈਲਦੀਆਂ ਰਹਿਣਗੀਆਂ। ਬਚੀਆਂ-ਤੇ ਬੀਬੀਆਂ ਇਵੇਂ ਹੀ ਹਰ ਸੰਮੇਲਨ ਤੇ ਗੱਜ-ਵੱਜ ਕੇ ਪਹੁੰਚਣਗੀਆਂ ਤੇ ਸੰਮੇਲਨ ਵਿਚੋਂ ਕੁਝ ਸਿੱਖ ਕੇ ਘਰਾਂ ਨੂੰ ਜਾਣਗੀਆਂ ਲਿਖਣ ਤੇ ਬਹੁਤ ਕੁਝ ਹੈ ਪਰ ਬਾਕੀ ਅਗਲੇ ਸੰਮੇਲਨ ਤੋਂ ਬਾਦ।

(ਣ)

---

## ਲਟਕ ਆਜ਼ਾਦੀ

— ਹੀਰਾ ਸਿੰਘ 'ਦਰਦ'

ਜਿਨ੍ਹਾਂ ਲਟਕ ਆਜ਼ਾਦੀ ਦੀ ਲਗ ਗਈ ਏ,
ਛੱਡਣੇ ਉਨ੍ਹਾਂ ਨੂੰ ਪੈਣ ਘਰ ਬਾਰ ਪਹਿਲਾਂ।
ਦੂਲੇ ਵਤਨ ਦੇ ਕਈ ਬੇ-ਵਤਨ ਹੁੰਦੇ,
ਸੀਨੇ ਤਪਦੇ ਕਈ ਅੰਗਿਆਰ ਪਹਿਲਾਂ।
ਕਈ ਸੜਨ ਜੇਹਲੀਂ ਅੰਡੇਮਾਨ ਅੰਦਰ,
ਕਈ ਫਾਂਸੀਆਂ ਦੇ ਪਾਉਣ ਹਾਰ ਪਹਿਲਾਂ।



Sri Satguru Jagjit Singh Ji eLibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

PROP. S. DAYA SINGH BHUI

**WZ-2, Mansarover Garden, Ring Road, NEW DELHI—110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for Marriages Parties & Govt. Functions

**Namdhari Tent House**

**53, Hamidia Road Near Alpana Talkies, BHOPAL (M.P.)**

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

**SAGGU IRON INDUSTRIES**

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

**Old Railway Road, JALANDHAR.**



Sri Satguru Jagjit Singh Ji eLibrary NamdhariElibrary@gmail.com

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**
(ਟਿੰਬਰ ਮਰਚੈਂਟਸ)
**Dalip Singh Puran Singh Saggu**
[TIMBER MERCHANTS]
ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Phone : 58795

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**
ਫਗਵਾੜਾ ਗੇਟ, ਜਲੰਧਰ ਫੋਨ 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**
ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫੋਨ 238784

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**
ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 232990

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
Turn Turn : 220010
**Makhan Singh Saggu**
**TECHNO INDUSTRIES**
ਟੈਕਨੋ ਇੰਡਸਟਰੀਜ਼
Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts
E.D. 311, Old Railway Road,
JALANDHAR-144001.


Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

ਬਨਾਉਣ ਵਾਲੇ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 (INDIA)





Sri Satguru Jagjit Singh Ji eLibrary NamdhariElibrary@gmail.com

*With best compliments from*

# YOUR

# CLOTH HOUSE

**Wholeseller & Retailor**

**Gents Wing :**

**S.C.F. 1, Sector 20-C, Chandigarh.**

Phone : 23363, 31199

**Ladies Wing :**

**S.C.O. 6, Sector 20-C, Chandigarh.**

Phone : 29849

**Your Saree Centre :**

**S.C.F. No. 1, Sector 20-C, Chandigarh.**



Sri Satguru Jagjit Singh Ji eLibrary NamdhariElibrary@gmail.com

GOLD MEDAL WINNER

(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:

**Jayson Electric Co. (Regd.)**

WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634

---

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨਗੰਜ (ਬਿਹਾਰ)

# Namdhari Brothers

## DALTON GANJ

(Bihar)

Prop. :

S. AJIT SINGH NAMDHARI

---

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ

ਚੌਗਾਠਾਂ, ਦਰਵਾਜ਼ੇ, ਖਿੜਕੀਆਂ,

ਰੋਸ਼ਨਦਾਨ ਬਣਵਾਉਣ ਲਈ

ਅਤੇ

ਵਧੀਆ ਕਿਸਮ ਦਾ ਇਮਾਰਤੀ ਸਾਮਾਨ

ਖਰੀਦਣ ਲਈ

# ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ—ਜਸਬੀਰ ਸਿੰਘ)

ਅਕਹਿਰੀ ਪੁਲੀ, ਜਲੰਧਰ

ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ

ਤੇ ਲਾਭ ਪ੍ਰਾਪਤ ਕਰੋ।



Sri Satguru Jagjit Singh Ji eLibrary NamdhariElibrary@gmail.com

(C) 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA


Sri Satguru Jagjit Singh Ji eLibrary NamdhariElibrary@gmail.com

Registered No. PB/JL-253

**MONTHLY WARIAM**
Ladowali Road, Jalandahr-144 001
Registered with the Registrar of News papers for India No. 26453

**September 1996**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068,CHAH ANDARA, (BEHIND JUBILEE CINEMA)
CHANDNI CHOWK, DELHI-110006

Sri Satguru Jagjit Singh Ji eLibrary NamdhariElibrary@gmail.com